# ਮੁਹੱਬਤ ਇੱਕ ਕੈਦਖਾਨਾ

## ਕਮਲ ਲਧਾਣਾ



# ਮੁਹੱਬਤ ਇੱਕ ਕੈਦਖਾਨਾ

## ਕਮਲ ਲਧਾਣਾ



ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# ਮੁਹੱਬਤ ਇੱਕ ਕੈਦਖਾਨਾ

## ( ਕਾਵਿ ਸੰਗ੍ਰਹਿ )

### ਕਮਲ ਲਧਾਣਾ


*Instagram: ralhkamaljit*

*E-mail : ralhkamaljit91@gmail.com*

*Mobile No. +33744172558*



**PDF Editor : Gurpreet Guri**

**Published on : 15 June 2024**



*©Kamal Ladhana*

*www.punjabilibrary.com*

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

ਪੀੜ੍ਹਾਂ ਦੀ ਕਟਾਰ ਨੇ ਹੈ ਦਿਲ ਮੇਰਾ ਛਿੱਲਿਆ
ਮੁਹੱਬਤ ਦੇ ਵਿੱਚ ਮੈਨੂੰ ਕੈਦਖਾਨਾ ਮਿਲਿਆ

ਕਮਲ ਲਧਾਣਾ

# ਮੁਹੱਬਤ ਇੱਕ ਕੈਦਖਾਨਾ



ਰੌਸ਼ਨੀ ਦੀ ਕੋਈ ਹੋਂਦ ਨਹੀਂ ਹੈ ਜ਼ਿੰਦਗੀ ਵਿੱਚ
ਉਂਝ ਤੇ ਸੂਰਜ ਰੋਜ਼ ਹੀ ਅੰਬਰੀਂ ਚੜ੍ਹਦਾ ਹੈ
ਜਿੱਥੇ ਸੂਰਜ ਦੀ ਇੱਕ ਕਿਰਨ ਵੀ ਆਉਂਦੀ ਨਹੀਂ
ਇਸ਼ਕ ਤੇਰਾ ਉਸ ਕੈਦਖਾਨੇ ਦੇ ਵਰਗਾ ਹੈ

ਹੱਥਾਂ ਵਿੱਚ ਹੱਥਕੜੀਆਂ ਤੇਰੇ ਪਿਆਰ ਦੀਆਂ
ਯਾਦਾਂ ਮੇਰੀ ਪਿੱਠ ਤੇ ਕੋੜੇ ਮਾਰਦੀਆਂ
ਪਿੰਡਾ ਛਿੱਲਿਆ ਜਾ ਚੁੱਕਿਆ ਹੈ ਮੇਰਾ ਨੀ
ਅੱਧ ਮਰੀਆਂ ਖਵਾਹਿਸ਼ਾਂ ਨੇ ਸੀਨਾ ਪਾੜਦੀਆਂ

ਅੰਦਰੋਂ ਬਾਹਰੋਂ ਜੰਮ ਚੁੱਕਿਆ ਹੈ ਖ਼ੂਨ ਮੇਰਾ
ਉੱਪਰੋਂ ਸ਼ੀਤ ਹਵਾ ਨਾਲ ਬੱਦਲ ਵਰ੍ਹਦਾ ਹੈ
ਜਿੱਥੇ ਸੂਰਜ ਦੀ ਇੱਕ ਕਿਰਨ ਵੀ ਆਉਂਦੀ ਨਹੀਂ
ਇਸ਼ਕ ਤੇਰਾ ਉਸ ਕੈਦਖਾਨੇ ਦੇ ਵਰਗਾ ਹੈ

ਜੀਭ ਮੇਰੀ ਕੱਟ ਦਿੱਤੀ ਇਸ਼ਕ ਜਲਾਦਾਂ ਨੇ
ਚੀਖ ਰਿਹਾ ਮੈਂ ਪਰ ਆਉਂਦੀ ਆਵਾਜ ਨਹੀਂ
ਨਾ ਬੰਦਾ, ਨਾ ਪੰਛੀ, ਨਾ ਕੋਈ ਥਾਂ ਭਾਉਂਦੀ
ਕੰਨਾਂ ਮੇਰਿਆਂ ਨੂੰ ਭਾਉਂਦਾ ਕੋਈ ਸਾਜ ਨਹੀਂ



ਧਰਤੀ ਨੂੰ ਅਲਵਿਦਾ ਆਖਕੇ ਤੁਰ ਜਾਵਾਂ
ਹੁਣ ਤਾਰਾ ਬਣ ਜਾਣ ਦਾ ਮਨ ਜਿਗਾ ਕਰਦਾ ਹੇ
ਜਿੱਥੇ ਸੂਰਜ ਦੀ ਇੱਕ ਕਿਰਨ ਵੀ ਆਉਂਦੀ ਨਗੀਂ
ਪਿਆਰ ਤੇਰਾ ਉਸ ਕੈਦਖਾਨੇ ਦੇ ਵਰਗਾ ਹੈ

✪✪✪❦✪✪✪

# ਬਥੇਰੇ ਨੇ

ਜੇ ਤੂੰ ਮੈਨੂੰ ਨਹੀਂ ਪੁੱਛਣਾ ਬੇਸ਼ੱਕ ਨਾ ਪੁੱਛ
ਮੈਨੂੰ ਪੁੱਛਣ ਵਾਲੇ ਹੋਰ ਬਥੇਰੇ ਨੇ

ਤੂੰ ਚਿਹਰੇ ਤੇ ਮਾਣ ਖ਼ੁਸ਼ੀ ਤੇ ਹਾਸਿਆਂ ਨੂੰ
ਕਲਪਣ ਵਿੱਚ ਮੈਨੂੰ ਮਿਲ ਗਏ ਸ਼ੋਰ ਬਥੇਰੇ ਨੇ

ਤੇਰੇ ਲਈ ਤਾਂ ਵਫ਼ਾਦਾਰ ਨੇ ਕਾਂ ਕਾਲ਼ੇ
ਮੈਨੂੰ ਲੁੱਟਣ ਦੇ ਲਈ ਮੋਰ ਬਥੇਰੇ ਨੇ

ਮੈਂ ਤਾਂ ਠੱਗਿਆ ਜਾ ਚੁੱਕਿਆ ਹਾਂ ਆਪਣਿਆਂ ਤੋਂ
ਤੇਰੀ ਰਾਖ਼ੀ ਦੇ ਲਈ ਚੋਰ ਬਥੇਰੇ ਨੇ

ਸੋਹਣੀ ਨਾਲ ਤਾਂ ਦੁਸ਼ਮਣਾਂ ਧੋਖਾ ਕੀਤਾ ਸੀ
ਮੈਨੂੰ ਡੋਬਣ ਲਈ ਮੇਰੇ ਗੋਤਾਖੋਰ ਬਥੇਰੇ ਨੇ

✪✪✪❦✪✪✪

# ਯਾਰ ਪਿਆਰੇ

ਮੈਨੂੰ ਮੇਰੇ ਯਾਰ ਪਿਆਰੇ
ਜੋ ਪੀੜ੍ਹਾਂ ਵਿੱਚ ਦੇਣ ਸਹਾਰੇ
ਮਹਿਫ਼ਿਲ ਲਾ ਕੇ ਬਹਿ ਜਾਂਦੇ ਨੇ
ਮੇਰੀ ਖਾਤਿਰ ਨਹਿਰ ਕਿਨਾਰੇ

ਰੋਂਦੀ ਹੋਈ ਰੂਹ ਮੇਰੀ ਹਿੱਸੇ
ਕੁਝ ਪਲ ਖ਼ੁਸ਼ੀਆਂ ਪਾ ਜਾਂਦੇ ਨੇ
ਨਜ਼ਮ ਮੇਰੀ ਦੇ ਗੀਤ ਬਣਾ ਕੇ
ਮੈਨੂੰ ਰੋਜ਼ ਸੁਣਾ ਜਾਂਦੇ ਨੇ

ਮੈਨੂੰ ਜਿੱਤਦਾ ਵੇਖਣ ਦੇ ਲਈ
ਪਤਾ ਨਹੀਂ ਕਿੰਨੀ ਵਾਰੀ ਹਾਰੇ
ਮੈਨੂੰ ਮੇਰੇ ਯਾਰ ਪਿਆਰੇ
ਜੋ ਪੀੜ੍ਹਾਂ ਵਿੱਚ ਦੇਣ ਸਹਾਰੇ

✪✪✪❦✪✪✪

# ਲੈ ਸਕਦੀ ਹੈ

ਮਹੁੱਬਤ ਜਾਨ ਵੀ ਲੈ ਸਕਦੀ ਹੈ
ਗ਼ਮ ਬਣ ਅੰਦਰ ਬਹਿ ਸਕਦੀ ਹੈ

ਤੇਰੇ ਪਿਆਰ ਨੂੰ ਪਿਆਰ ਨਾ ਮੰਨ ਕੇ
ਦੁਨੀਆ ਢੌਂਗ ਵੀ ਕਹਿ ਸਕਦੀ ਹੈ

ਚਿੜੀ ਦਾ ਕੱਲ੍ਹ ਤੇਰੇ ਰੁੱਖ ਤੇ ਧੁੰਦਲਾ
ਹੋਰ ਜਗ੍ਹਾ ਉਹ ਬਹਿ ਸਕਦੀ ਹੈ

ਪ੍ਰਾਣਨਾਥ ਤੈਨੂੰ ਆਖਣ ਵਾਲੀ
ਕੱਲ੍ਹ ਨੂੰ ਪ੍ਰਾਣ ਵੀ ਲੈ ਸਕਦੀ ਹੈ

ਬਹੁਤਾ ਇਸ਼ਕ ਇਸ਼ਕ ਨਾ ਕਰ ਤੂੰ
ਖ਼ਲਕਤ ਟੁੱਟਕੇ ਪੈ ਸਕਦੀ ਹੈ

# ਇਸ਼ਕ ਮੁਕੰਮਲ

ਹੁਣ ਮੈਂ ਮੇਰੀਆਂ ਪੀੜ੍ਹਾਂ ਦੇ ਨਾਲ
ਰਿਸ਼ਤਾ ਗੂੜਾ ਕਰ ਲੈਣਾ
ਤੇਰੇ ਜਾਣ ਦੇ ਪਿੱਛੋਂ ਨੀ ਮੈਂ
ਇਸ਼ਕ ਮੁਕੰਮਲ ਪੜ੍ਹ ਲੈਣਾ

ਹਾਲੇ ਤਾਂ ਚੰਗਿਆੜੀ ਬਣਕੇ
ਰੂਹ ਵਿੱਚ ਧੁਖਦੀ ਰਹਿੰਦੀ ਹੈ
ਰੀਝਾਂ ਮੇਰੀਆਂ ਦੇ ਵਿੱਚ ਚੁੱਭਕੇ
ਕੰਡਾ ਦੁਖਦੀ ਰਹਿੰਦੀ ਹੈ

ਇਸ ਚੀਸ ਵਿਛੋੜੇ ਵਾਲੀ ਨੇ
ਜਦ ਦਿਲ ਮੇਰੇ ਨੂੰ ਫੜ ਲੈਣਾ
ਤੇਰੇ ਜਾਣ ਦੇ ਪਿੱਛੋਂ ਨੀ ਮੈਂ
ਇਸ਼ਕ ਮੁਕੰਮਲ ਪੜ੍ਹ ਲੈਣਾ

✪✪✪❦✪✪✪

# ਵਿਆਹ ਦੀ ਰਾਤ

ਤੂੰ ਰਾਤ ਬਿਤਾਈ ਸੁਹਾਗ ਦੇ ਨਾਲ
ਮੇਰੀ ਬੀਤੀ ਨਾਲ ਕਿਤਾਬਾਂ ਦੇ

ਉਹਨੂੰ ਹੱਥੀਂ ਦੁੱਧ ਪਿਲਾਇਆ ਤੂੰ
ਮੈਂ ਪੀਤੇ ਜਾਮ ਸ਼ਰਾਬਾਂ ਦੇ

ਤੇਰੀ ਹਸਰਤ ਪੂਰੀ ਹੋ ਗਈ ਹੈ
ਮੇਰੀ ਗੁੰਮ ਹੋਈ ਵਿੱਚ ਖੁਆਬਾਂ ਦੇ

ਉਹਨੇ ਉੱਧਰ ਘੁੰਗਟ ਚੱਕਿਆ ਜਦ
ਵਹੇ ਅੱਖ ਚੋਂ ਦਰਿਆ ਆਬਾਂ ਦੇ

ਹੁਣ ਚੰਗੇ ਕਿੱਥੋਂ ਲੱਗਦੇ ਨੇ
ਸੱਜਣਾ ਸੁਰ ਤਾਲ ਰਬਾਬਾਂ ਦੇ

ਦਿਲ ਕਰਦੈ ਡੁੱਬਕੇ ਮਰ ਜਾਵਾਂ
ਵਿੱਚ ਸੋਹਣੀ ਵਾਂਗ ਚਨਾਬਾਂ ਦੇ

✪✪✪❦✪✪✪

# ਪੀੜ੍ਹ ਦੇ ਅੱਖਰ

ਪੀੜ੍ਹ ਦੇ ਅੱਖਰ ਪੜ ਨਹੀਂ ਸਕਦੀ
ਮੇਰੇ ਵਾਂਗਰ ਸੜ ਨਹੀਂ ਸਕਦੀ

ਸ਼ਕਲਾਂ ਤੀਕਰ ਪਹੁੰਚ ਹੈ ਉਸਦੀ
ਮਨ ਦੇ ਅੰਦਰ ਵੜ ਨਹੀਂ ਸਕਦੀ

ਮਹਿਫ਼ਿਲਾਂ ਦੇ ਵਿੱਚ ਬੈਠ ਕੇ ਹੱਸਦੀ
ਸ਼ੋਖ ਜਾਲ ਵਿੱਚ ਜਾਂਦੀ ਫਸਦੀ

ਖੇਡ ਦਿਲਾਂ ਨਾਲ ਖੇਡਦੀ ਫਿਰਦੀ
ਇਸ਼ਕ ਰੰਗ ਕਿਉਂ ਫੜ ਨਹੀਂ ਸਕਦੀ

ਸ਼ਕਲਾਂ ਤੀਕਰ ਪਹੁੰਚ ਹੈ ਉਸਦੀ
ਮਨ ਦੇ ਅੰਦਰ ਵੜ ਨਹੀਂ ਸਕਦੀ

ਡਿਸਕੋ ਦੇ ਵਿੱਚ ਨੱਚਣਾ ਚਾਹੁੰਦੀ
ਨਵਿਆਂ ਦੇ ਸੰਗ ਜੱਚਣਾ ਚਾਹੁੰਦੀ

ਹੀਰ ਆਪ ਨੂੰ ਸਮਝਣ ਵਾਲੀ
ਇੱਕ ਨਾਲ ਕਿਉਂ ਖੜ ਨਹੀਂ ਸਕਦੀ

ਸ਼ਕਲਾਂ ਤੀਕਰ ਪਹੁੰਚ ਹੈ ਉਸਦੀ
ਮਨ ਦੇ ਅੰਦਰ ਵੜ ਨਹੀਂ ਸਕਦੀ

ਕਬਰ ਦਾ ਰਸਤਾ ਦੱਸ ਕੇ ਤੁਰ ਗਈ
ਰੋਂਦਾ ਛੱਡ ਉਹ ਹੱਸ ਕੇ ਤੁਰ ਗਈ

ਪਿਆਰ ਚ ਸੌਂਹਾਂ ਖਾਵਣ ਵਾਲੀ
ਇਸ਼ਕ 'ਚ ਫਾਹੇ ਚੜ਼ ਨਹੀਂ ਸਕਦੀ

ਸ਼ਕਲਾਂ ਤੀਕਰ ਪਹੁੰਚ ਹੈ ਉਸਦੀ
ਮਨ ਦੇ ਅੰਦਰ ਵੜ਼ ਨਹੀਂ ਸਕਦੀ

✪✪✪❦✪✪✪

## ਡਾਲਰਾਂ ਵਾਲਾ ਦੇਸ

ਕਹਿੰਦੀ ਸੀ ਮੈਂ ਸਾਰੀ ਜ਼ਿੰਦਗੀ ਇਕੱਲੀ ਰਹਿਣਾ ਹੈ
ਡਾਲਰਾਂ ਵਾਲਾ ਦੇਸ ਉਹਦੇ ਹੱਥ ਮਹਿੰਦੀ ਲਾ ਗਿਆ

ਕਦੇ ਹੰਝੂ ਉਹਦੇ ਡਿੱਗਦੇ ਸੀ ਅੱਖ ਮੇਰੀ ਰੁੰਦੀ ਸੀ
ਕੋਈ ਕਾਰਨ ਆ ਕੇ ਅੱਖੀਂ ਮੇਰੇ ਘੱਟਾ ਪਾ ਗਿਆ

ਉਹਦੀ ਰਾਤ ਚੰਦ ਦੇ ਗਲ਼ ਵਿੱਚ ਬਾਹਾਂ ਪਾਉਂਦੀ ਹੈ
ਮੇਰੇ ਚੰਦ ਨੂੰ ਮੱਸਿਆ ਦਾ ਹਨੇਰਾ ਖਾ ਗਿਆ

ਸ਼ਗਨਾਂ ਵਾਲੇ ਗੀਤ ਉਹਨੂੰ ਵੀ ਚੰਗੇ ਲੱਗਦੇ ਨੇ
ਬੇਖ਼ਬਰ ਜਿਹੇ ਬੈਠੇ ਨੂੰ ਕੋਈ ਖ਼ਬਰ ਸੁਣਾ ਗਿਆ

ਹੱਥ ਫੜ ਕੇ ਮੈਂ ਜਿਸਨੂੰ ਕਦੇ ਲਿਖਣੇ ਲਾਇਆ ਸੀ
ਲੇਖਾਂ ਵਾਲਾ ਪਾਠ ਉਹੀ ਅੱਜ ਮੈਨੂੰ ਪੜ੍ਹਾ ਗਿਆ

ਜਿਸ ਰਿਸ਼ਤੇ ਕਰਕੇ ਸਾਰੇ ਰਿਸ਼ਤੇ ਤੋੜ ਕੇ ਬੈਠਾ ਸੀ
ਉਹ ਰਿਸ਼ਤਾ ਮੇਰੇ ਬੋਲਾਂ ਦੀ ਅੱਜ ਬੋਲੀ ਲਾ ਗਿਆ

ਕਹਿੰਦੀ ਸੀ ਮੈਂ ਮੁੜ ਆਵਾਂਗੀ ਆਥਣ ਹੋਣੇ ਤੱਕ
ਉਹਦਾ ਰਸਤਾ ਤੱਕਦਾ ਤੱਕਦਾ ਮੈਂ ਰਸਤੇ ਤੇ ਆ ਗਿਆ

ਜਿਵੇਂ ਕਈ ਕਾਮੀ ਕੱਠੇ ਨੋਚਣ ਕੱਲੀ ਜ਼ਿੰਦਗੀ ਨੂੰ
ਇੱਜਤ ਮੇਰੇ ਜਜ਼ਬਿਆਂ ਦੀ ਉਹ ਏਦਾਂ ਲਾਹ ਗਿਆ

✪✪✪❦✪✪✪

# ਰੂਹ ਦੇ ਹਾਣੀ

ਪਾਕ ਮੁਹੱਬਤ ਵਾਲੇ ਰਿਸ਼ਤੇ ਖ਼ਾਕ ਹੋਏ
ਮੋਹ ਦੇ ਧਾਗੇ ਜਲ਼ ਗਏ, ਜਲ਼ ਕੇ ਰਾਖ ਹੋਏ
ਇਸ਼ਕ ਵੀ ਗੰਧਲੇ, ਗੰਧਲੇ ਹੋਏ ਪਾਣੀ ਨੇ
ਅੱਜ ਕੱਲ੍ਹ ਔਖੇ ਮਿਲਦੇ ਰੂਹ ਦੇ ਹਾਣੀ ਨੇ

ਹੁਣ ਤੇ ਬਹੁਤੇ ਕਿੱਸੇ ਜਿਸਮਾਂ ਵਾਲੇ ਨੇ
ਇੱਕ ਨਹੀਂ ਸੱਜਣ ਦੋਵੇਂ ਦਿਲ ਦੇ ਕਾਲੇ ਨੇ
ਮਿੰਟ ਲੱਗਦਾ ਹੈ ਇੱਕ ਛੱਡ ਦੂਜਾ ਲੱਭਣ ਲਈ
ਅੱਜ ਕੱਲ੍ਹ ਰਾਂਝੇ ਹੀਰਾਂ ਫ਼ਿਰਦੇ ਬਾਹਲੇ ਨੇ

ਇਹਨਾਂ ਦਿਨਾਂ ਵਿੱਚ ਇੱਕ ਨਾਲ ਕਿੱਥੋਂ ਸਰਦਾ ਜੀ
ਆਸ਼ਕ ਚੱਕਰੀਂ ਪਾਏ ਇਸ਼ਕ ਦੀ ਰਾਣੀ ਨੇ
ਇਸ਼ਕ ਵੀ ਗੰਧਲੇ, ਗੰਧਲੇ ਹੋਏ ਪਾਣੀ ਨੇ
ਅੱਜ ਕੱਲ੍ਹ ਔਖੇ ਮਿਲਦੇ ਰੂਹ ਦੇ ਹਾਣੀ ਨੇ

✪✪✪❦✪✪✪

# ਇਸ਼ਕ ਨੇ

ਇਸ਼ਕ ਨੇ ਅਕਲ ਵਿਹੂਣਾ ਕਰਿਆ
ਅੰਦਰੋਂ ਤਪਦਾ ਬਾਹਰੋਂ ਠਰਿਆ

ਉਹਦਾ ਦਿਲ ਕਿਸੇ ਹੋਰ ਦਾ ਘਰ ਹੈ
ਮੇਰੇ ਤੋਂ ਨਾ ਜਾਵੇ ਜਰਿਆ

ਗ਼ੈਰਾਂ ਦੀ ਉਹ ਭਰੇ ਗਵਾਹੀ
ਮੇਰੇ ਲਈ ਇੱਕ ਬੋਲ ਨਾ ਸਰਿਆ

ਨਾ ਜਾਹ ਰੋ ਰੋ ਆਖ ਰਿਹਾ ਸੀ
ਉਹਦਾ ਮਨ ਇੱਕ ਵਾਰ ਨਾ ਭਰਿਆ

ਹੁਣ ਨਾਂ ਲੈ ਲੈ ਹਾਕ ਨਾ ਮਾਰੋ
"ਕਮਲ" ਤਾਂ ਬੜੇ ਚਿਰਾਂ ਦਾ ਮਰਿਆ

# ਜਰੂਰੀ ਹੈ

ਲਿਖਣੇ ਦੇ ਲਈ ਪੜ੍ਹਨਾ ਯਾਰ ਜਰੂਰੀ ਹੈ
ਜਿਉਂ ਪੱਕਣੇ ਲਈ ਸੜਨਾ ਯਾਰ ਜ਼ਰੂਰੀ ਹੈ

ਇਸ਼ਕ ਨੂੰ ਟੀਸੀ ਉੱਤੋਂ ਤੱਕਣਾ ਚਾਹੁੰਦਾ ਜੇ
ਹਿਜਰ ਪਹਾੜ ਤੇ ਚੜਨਾ ਯਾਰ ਜ਼ਰੂਰੀ ਹੈ

ਜੇ ਸੁੱਖਾਂ ਦੀ ਸੇਜ ਤੇ ਬਹਿਣਾ ਲੋਚਦਾ ਤੂੰ
ਪਹਿਲਾਂ ਦੁੱਖ ਨਾਲ ਲੜਨਾ ਯਾਰ ਜ਼ਰੂਰੀ ਹੈ

ਮਹਿੰਗਾ ਜੇ ਕੋਈ ਗਹਿਣਾ ਬਣਨਾ ਚਾਹੁੰਦਾ ਤੂੰ
ਮਨ ਮੁੰਦਰੀ ਵਿੱਚ ਸੱਚ ਜੜਨਾ ਯਾਰ ਜ਼ਰੂਰੀ ਹੈ

✪✪✪❦✪✪✪



# ਸਿਫ਼ਤ

ਓਹ ਜਦ ਵੀ ਮੇਰੇ ਮੂਹਰੇ ਹੋਵੇ
ਸੰਗਦੀ ਤੇ ਥੋੜਾ ਹੱਸਦੀ ਏ

ਓਹ ਇਸ਼ਕੇ ਦੀ ਕਮਾਨ ਕੋਈ
ਜੋ ਤੀਰ ਦਿਲਾਂ ਤੇ ਕੱਸਦੀ ਏ

ਓਹਦੇ ਮਿਰਗਾਂ ਵਰਗੇ ਨੇਤਰ ਸੀ
ਵਿੱਚ ਲੜੇ ਮਹੀਨੇ ਚੇਤਰ ਸੀ

ਮੱਥਾ ਹੈ ਚੰਦ ਕੋਈ ਪੁੰਨਿਆ ਦਾ
ਰਿਸ਼ਮ ਸਵਾ ਸਵਾ ਲੱਖਦੀ ਏ

ਓਹ ਇਸ਼ਕੇ ਦੀ ਕਮਾਨ ਕੋਈ
ਜੋ ਤੀਰ ਦਿਲਾਂ ਤੇ ਕੱਸਦੀ ਏ

ਓਹ ਇਤਰਾਂ ਦਾ ਹੈ ਸਰਵਰ ਜੀ
ਜਾਂ ਕਲੀਆਂ ਭਰਿਆ ਤਰਵਰ ਜੀ

ਓਹਤੋਂ ਫੁੱਲ ਵੀ ਮਹਿਕਾਂ ਮੰਗਦੇ ਨੇ
ਜਦ ਬਾਗ਼ਾਂ ਦੇ ਵਿੱਚ ਨੱਸਦੀ ਏ



ਓਹ ਇਸ਼ਕੇ ਦੀ ਕਮਾਨ ਕੋਈ
ਜੋ ਤੀਰ ਦਿਲਾਂ ਤੇ ਕੱਸਦੀ ਏ

ਓਹਦੇ ਗਿੱਲੇ ਵਾਲ ਨੇ ਝਰਨਾ ਜੀ
ਓਹਦੇ ਬਿਨ ਨਾ ਮੇਰਾ ਸਰਨਾ ਜੀ

ਉਹ ਪਿਆਰ ਦੀ ਡੂੰਘੀ ਕਵਿਤਾ ਹੈ
ਮੇਰੇ ਮਨ ਵਿੱਚ ਜਾਂਦੀ ਧੱਸਦੀ ਏ

ਉਹ ਇਸ਼ਕੇ ਦੀ ਕਮਾਨ ਕੋਈ
ਜੋ ਤੀਰ ਦਿਲਾਂ ਤੇ ਕੱਸਦੀ ਏ

✪✪✪❦✪✪✪

# ਕੂੜ ਜਿਹਾ

ਜਿਸਮਾਂ ਖਾਤਿਰ ਮਿਲਣਾ ਮੈਨੂੰ ਕੂੜ ਜਿਹਾ ਲੱਗਦਾ
ਅੱਜ ਕੱਲ੍ਹ ਇਸ਼ਕ ਆਸ਼ਕਾਂ ਕੋਲੋਂ ਦੂਰ ਜਿਹਾ ਲੱਗਦਾ

ਫ਼ਲ ਬਣਨੇ ਤੋਂ ਪਹਿਲਾਂ ਹੀ ਜੋ ਝੜ ਧਰਤੀ ਚੁੰਮਦਾ
ਵਰਤਮਾਨ ਦਾ ਪਿਆਰ ਮੈਨੂੰ ਉਸ ਬੂਰ ਜਿਹਾ ਲੱਗਦਾ

ਮੈਂ ਹਾਲੇ ਨੀ ਗ਼ਰਕ ਹੋਇਆ ਹਾਂ ਕਾਮ 'ਚ ਉਸ ਵਾਂਗੂ
ਜਿਸ ਕਾਮੀ ਨੂੰ ਹਰ ਇੱਕ ਚਿਹਰਾ ਹੂਰ ਜਿਹਾ ਲੱਗਦਾ

ਚੰਗਾ ਮਾੜਾ ਜੋ ਕੁਝ ਹੋਵੇ ਮੂੰਹ ਤੇ ਆਖ ਦੇਵਾਂ
ਲੋਕੀਂ ਆਖਣ ਤੇਰੇ ਵਿੱਚ ਗਰੂਰ ਜਿਹਾ ਲੱਗਦਾ

✪✪✪❦✪✪✪

# ਪੱਥਰ ਦਿਲ

ਪੱਥਰ ਹੈ ਉਹ, ਉਹਦੀ ਅੱਖ ਦੇ ਵਿੱਚੋਂ ਨਹੀਂ ਹੁਣ ਹੰਝੂ ਡੁੱਲਦੇ
ਮੇਰੀਆਂ ਸੱਧਰਾਂ ਮਾਰ ਗਈ ਐ, ਚੱਕ ਗਈ ਫਾਇਦੇ ਦਿੱਤੀ ਖੁੱਲ ਦੇ

ਬੰਦੇ ਨੂੰ ਬੰਦਾ ਨਾ ਸਮਝੇ, ਪੈਸਾ ਉਹਦੇ ਸਿਰ ਚੜ੍ਹਿਆ ਹੈ
ਕਹਿੰਦੀ ਮਿੱਟੀ ਐ ਤੂੰ, ਹੀਰੇ ਪਾਏ ਨੇ ਮੈਂ ਤੇਰੇ ਮੁੱਲ ਦੇ

ਆਖਦੀ ਸੀ ਸਭ ਭੁੱਲ ਜਾਵਾਂਗੀ, ਮਗਰ ਤੈਨੂੰ ਮੈਂ ਭੁੱਲ ਨਹੀਂ ਸਕਦੀ
ਪਰ ਹੁਣ ਮੈਨੂੰ ਇੰਝ ਭੁੱਲ ਗਈ ਹੈ, ਜਿਉਂ ਨੇ ਕਾਫ਼ਿਰ ਰੱਬ ਨੂੰ ਭੁੱਲਦੇ

✪✪✪❦✪✪✪

# ਗਮ ਮੇਰੇ ਨੇ

ਗਮ ਮੇਰੇ ਨੇ ਇਸ਼ਕ ਮੇਰੇ ਨੂੰ ਰੰਗ ਚੜਾਇਆ ਹੈ
ਤਾਂਹੀਂ ਤਾਂ ਹੰਝੂਆਂ ਸੰਗ ਮੈਨੂੰ ਹਾਸਾ ਆਇਆ ਹੈ

ਉਹਨੇ ਸਭ ਪਾ ਕੇ ਲੱਗਦਾ ਸਭ ਕੁਝ ਹਾਰ ਲਿਆ
ਮੈਨੂੰ ਲੱਗਦਾ ਮੈਂ ਸਭ ਹਾਰ ਕੇ ਸਭ ਕੁਝ ਪਾਇਆ ਹੈ

ਜੰਨਤ ਵਾਲਾ ਖਿਆਲ ਹੁਣ ਮੈਨੂੰ ਚਿੰਤਤ ਕਰਦਾ ਨਹੀਂ
ਦੋਜ਼ਖ ਨੂੰ ਮੈਂ ਜਦੋਂ ਦਾ ਆਪਣਾ ਰੱਬ ਬਣਾਇਆ ਹੈ

ਹੱਸ ਕੇ ਕੋਈ ਪਾਗਲ ਆਖੇ ਉਦਾਸ ਹੁਣ ਹੋਵਾਂ ਨਾ
ਸੱਚਾ ਆਸ਼ਕ ਅੱਜ ਤਾਈਂ ਪਾਗਲ ਅਖਵਾਇਆ ਹੈ

ਉਮਰਾਂ ਵਾਲਾ ਪਾਣੀ ਸਮੇਂ ਦੀਆਂ ਧੁੱਪਾਂ ਸੋਖ ਲਿਆ
ਡਰ ਨਾ ਪੀੜਾਂ ਦਾ ਇੱਕ ਬੱਦਲ ਸਿਰ ਤੇ ਛਾਇਆ ਹੈ

ਚੰਦ ਮੇਰਾ ਹੁਣ ਵਿਹੜੇ ਮੇਰੇ ਦੇ ਵਿੱਚੋਂ ਦਿਸਦਾ ਨਹੀਂ
ਮੈਂ ਸੁਣਿਆ ਰਿਸ਼ਮਾਂ ਘਰ ਸ਼ੋਖੀਆਂ ਦਾ ਰੁਸ਼ਨਾਇਆ ਹੈ

ਚੰਦ ਪਾਉਣ ਲਈ ਆਸਮਾਨ ਤੇ ਜਾਣਾ ਚਾਹੁੰਦਾ ਸਾਂ
ਅਗਲੀ ਸੂਚੀ ਤਾਰਿਆਂ ਵਿੱਚ ਨਾਂ ਮੇਰਾ ਆਇਆ ਹੈ

ਤੁਰਦੇ ਤੁਰਦੇ ਵਾਟ ਨਾ ਮੁੱਕੀ ਕੁਝ ਤਾਂ ਮੁੱਕ ਚੱਲਿਆ
ਲੱਗੇ ਸਾਹ ਮੇਰੇ ਦੀ ਪੈੜ ਚ ਮੌਤ ਨੇ ਕੱਚ ਵਿਛਾਇਆ ਹੈ

✪✪✪❦✪✪✪

# ਆਮ ਜਾਂ ਖ਼ਾਸ

ਉਹਦੇ ਹੰਝੂਆਂ ਉੱਤੇ ਮੇਰਾ ਨਾਮ ਨਹੀਂ ਸੀ
ਉਹ ਸ਼ਾਮ ਹਰ ਰੋਜ਼ ਦੇ ਵਰਗੀ ਸ਼ਾਮ ਨਹੀਂ ਸੀ

"ਤਰਜਾ ਜਾਂ ਫਿਰ ਮਰਜਾ " ਕਹਿੰਦੀ ਫ਼ਰਕ ਨਹੀਂ ਪੈਂਦਾ
ਭਾਵੇਂ ਪਾਪਣ ਸੀ ਉਹ ਪਰ ਬਦਨਾਮ ਨਹੀਂ ਸੀ

ਲੋੜ ਪੈਣ ਤੇ ਵਰਤੇ ਉਹ, ਜਿਸਮਾਂ ਜਜ਼ਬਾਤਾਂ ਨੂੰ
ਇਸ਼ਕ 'ਚ ਧੋਖਾ ਉਹਦੇ ਲਈ ਹਰਾਮ ਨਹੀਂ ਸੀ

ਖ਼ਾਸ ਨਹੀਂ ਮੰਨਦੀ ਸੀ ਉਹ ਮੈਨੂੰ ਇਸ਼ਕ ਚ ਅੰਨੇ ਨੂੰ
ਮੇਰੇ ਲਈ ਇਹ ਰਿਸ਼ਤਾ ਪਰ ਕੋਈ ਆਮ ਨਹੀਂ ਸੀ

✪✪✪❦✪✪✪

# ਅਣਖੀ ਸਮਾਜ

ਸਰੀਰ ਨੋਚ ਕੇ ਖਾਧਾ ਮੇਰਾ ਇਸ਼ਕੇ ਨੇ
ਉੱਤੋਂ ਲੂਣੇ ਰਿਸ਼ਤੇ ਜ਼ਖ਼ਮ ਕੁਰੇਦੀ ਜਾਂਦੇ ਨੇ
ਮੈਨੂੰ ਅੱਧ ਮੋਈ ਨੂੰ ਪੂਰੀ ਮਾਰਨ ਆਉਂਦੇ ਨੇ
ਹੱਥੀਂ ਜੰਮਕੇ ਮੈਨੂੰ ਕੰਜ਼ਰੀ ਆਖ ਬੁਲਾਉਂਦੇ ਨੇ
ਗਰਭ ਜੂਨ ਵਿੱਚ ਸੁਪਨੇ ਮੇਰੇ ਮਾਰ ਦਿੱਤੇ
ਮੈਨੂੰ ਸੁਪਨਿਆਂ ਮਾਰੀ ਨੂੰ ਕਿਉਂ ਮਾਰਨ ਆਉਂਦੇ ਨੇ

ਸਾਲ ਸੋਹਲਵਾਂ ਆਪੇ ਆਇਆ ਮੈਂ ਨਾ ਲੈ ਕੇ ਆਈ
ਮੈਂ ਖਿੱਚੀ ਗਈ ਹਾਂ ਕੁਦਰਤ ਦੀ ਮੇਰੇ ਸਮਝ ਨਾ ਆਈ
ਜੋ ਚੱਲਦਾ ਸੀ ਇਸ ਦੁਨੀਆਂ ਤੇ ਮੈਂ ਵੀ ਉਹੀ ਹੈ ਕੀਤਾ
ਰਸਮਾਂ ਤੋਂ ਪੁੱਛ ਕੇ ਕਰਿਆ ਨਹੀਂ ਬਸ ਜ਼ੁਲਮ ਏਹੀ ਮੈਂ ਕੀਤਾ
ਗਰਭੋਂ ਜੰਮੀ ਨੇ ਜਦ ਨਵੇਂ ਗਰਭ ਨੂੰ ਜਨਮ ਮੈਂ ਦਿੱਤਾ
ਤਾਣੇ ਬਾਣੇ ਰਿਸ਼ਤੇ ਰੀਤਾਂ ਗਰਭ ਜਿਉਣ ਨਾ ਦਿੱਤਾ
ਨਫਰਤ ਮਾਰਿਆਂ ਅਣਖ ਪੁਗਾਈ ਰਿਸ਼ਤਾ ਜਿਉਣ ਨਾ ਦਿੱਤਾ

ਜੰਮਕੇ ਪਾਲਦੇ ਰੋਹਬ ਰਖਾਉਂਦੇ ਅਸੀਂ ਹਾਂ ਪਾਲਣਹਾਰੇ
ਨਵ ਬੁੱਧੀ ਨੂੰ ਜੰਮਣ ਸਾਰ ਹੀ ਅਹਿਸਾਨ ਪਏ ਜਤਾਉਂਦੇ
ਕਾਮ ਦੇ ਲੋਭੀ ਪੁੱਤ ਦੀ ਭਾਲ ਚ ਧੀਆਂ ਪਏ ਜਮਾਉਂਦੇ
ਰਸਮਾਂ ਥੱਲੇ ਪਲਿਆ ਕਾਮ ਨਾ ਗੈਰ ਕਾਨੂੰਨੀ ਹੋਇਆ
ਫਿਰ ਧੀ ਦਾ ਚੜਦੀ ਉਮਰੇ ਕਾਮ ਕਿਉਂ ਗੈਰ ਕਾਨੂੰਨੀ ਹੋਇਆ

ਮੈਨੂੰ ਲੱਗਦਾ ਕੁਦਰਤ ਦਾ ਵਰਤਾਰਾ ਸੱਚ ਨਾ ਹੋਇਆ
ਚੰਗਾ ਕੀ ਹੈ ਜੱਗ ਦੇ ਉੱਤੇ ਕਦੇ ਜੱਗ ਵੀ ਜਿੱਤ ਹੈ ਹੋਇਆ?

ਅੱਥਰੂ ਟਪਕੇ ਨੈਣਾਂ ਵਿੱਚੋਂ ਕੰਜ਼ਰੀ ਦੇ ਮੈਨੂੰ ਮਾਫ਼ ਕਰੋ
ਹਰ ਅੱਥਰੂ ਡੁੱਲਿਆ ਜੱਗ ਕਪਟੀ ਦੇ ਨਾਲੋਂ ਸੱਚਾ ਹੋਇਆ
ਧੀ ਨੂੰ ਧੀ ਹੀ ਰਹਿਣ ਦਿਉ ਕਿਤੇ ਕੰਜ਼ਰੀ ਨਾ ਬਣ ਜਾਵੇ
ਕੰਜ਼ਰੀ ਦਾ ਕੋਠਾ ਵੀ ਝੂਠੇ ਜੱਗ ਦੇ ਕਾਮ ਚੋਂ ਬਣਿਆ
ਕੀ ਦੁਨੀਆ ਕੀ ਸਮਾਜ, ਸ਼ਰਮ ਮਖੌਟਾ ਪਹਿਨ ਜ਼ਮੀਰੋਂ ਮੋਇਆ

ਮੰਨਿਆ ਫੈਸਲਾ ਜਲਦੀ ਹੋਇਆ ਜੇ ਹੋਇਆ ਫਿਰ ਕੀ ਹੋਇਆ
ਮੇਰੇ ਅੰਦਰ ਲਹੂ ਤੁਹਾਡਾ ਹੈ ਤੁਸਾਂ ਤੋਂ ਸਿੱਖ ਕੇ ਵੱਡੀ ਹੋਈ
ਮੈਨੂੰ ਜੀਣ ਦਿਉ ਮੈਨੂੰ ਜੀਣ ਦਿਉ ਮੈਨੂੰ ਪਿਆਰ ਨਾਲ ਸਮਝਾਵੋ
ਮੈਂ ਪਿਆਰ ਨਾਲ ਵੀ ਮੰਨ ਜਾਂਗੀ ਮੈਨੂੰ ਕੁੱਟਣ ਲਈ ਨਾ ਆਵੋ
ਮੈਂ ਮਾਂ ਦਾ ਪਿਆਰ ਵੀ ਚਾਹੁੰਦੀ ਹਾਂ ਮੈਨੂੰ ਬਾਪ ਵੀ ਲਾਡ ਲੜਾਵੇ
ਮੈਂ ਮੰਨ ਲਉਂ ਭੈਣਾਂ ਭਾਈਆਂ ਦੀ ਬਸ ਕੁੱਟਣ ਲਈ ਨਾ ਆਵੋ

# ਕਾਬਿਲ ਤੇਰੇ

ਮੈਂ ਕਿਉਂ ਨਾ ਹੋਇਆ ਕਾਬਿਲ ਤੇਰੇ
ਸੋਚ ਹੌਲ ਪੈਂਦੇ ਸੀਨੇ ਵਿੱਚ ਮੇਰੇ

ਉਡੀਕ ਚ ਰੁੱਖ ਤੋਂ ਬਾਲਣ ਮੈਂ ਹੋਇਆ
ਤੇਰੇ ਮੌਸਮ ਨਾ ਆਏ ਸਾਡੇ ਡੇਰੇ

ਮੈਂ ਕੱਚਾ ਰਸਤਾ ਮੰਜ਼ਿਲ ਨੂੰ ਦੇਖਾਂ
ਪਰ ਮੰਜ਼ਿਲ ਨੂੰ ਰਸਤੇ ਹੋਰ ਬਥੇਰੇ

ਹਰ ਇੱਕ ਰਾਤ ਮੇਰੇ ਦਿਨਾਂ ਨੂੰ ਖਾਵੇ
ਮੇਰੇ ਲੇਖਾਂ 'ਚ ਵਧਦੇ ਜਾਣ ਹਨੇਰੇ

ਖੁਸ਼ੀ ਮਿਲਦੀ ਉਦਾਸ ਹੋ ਕੇ ਵੀ
ਦੇਖ ਡੁੱਬੇ ਜ਼ਮੀਰੋਂ ਤੇਰੇ ਚੜ੍ਹਦੇ ਸਵੇਰੇ

# ਸ਼ਾਇਰ ਸ਼ਿਵ

ਆ ਜਾਉ ਸ਼ਹਿਰ ਬਟਾਲੇ ਜਾ ਕੇ
ਸ਼ਿਵ ਨੂੰ ਸੀਸ ਨਿਵਾਅ ਆਈਏ

ਸਿਜਦੇ ਵਾਲੀ ਮੱਲ੍ਹਮ ਉਸ ਦੇ
ਜਖ਼ਮਾਂ ਉੱਤੇ ਲਾ ਆਈਏ

ਸ਼ਿਵ ਤੇ ਪੀੜ ਇੱਕ ਹੀ ਨਾਮ ਨੇ
ਕੱਠੇ ਮਸ਼ਹੂਰ ਤੇ ਕੱਠੇ ਬਦਨਾਮ ਨੇ

ਉਹਦੇ ਦਰਦਾਂ ਦੇ ਸਕੂਲ ਚ ਜਾਕੇ
ਆਪਾਂ ਦਾਖਲਾ ਕਰਵਾ ਆਈਏ

ਆ ਜਾਉ ਸ਼ਹਿਰ ਬਟਾਲੇ ਜਾ ਕੇ
ਸ਼ਿਵ ਨੂੰ ਸੀਸ ਨਿਵਾਅ ਆਈਏ

ਮੈਨੂੰ ਜਾਪੇ ਉਹ ਤਾਂ ਤੀਰਥ ਕੋਈ
ਇਨਸਾਨੀਅਤ ਦੀ ਸੀਰਤ ਕੋਈ

ਮਹੁੱਬਤ ਦੇ ਉਸ ਦੇਵਤੇ ਹੱਥੋਂ
ਝੋਲੀ ਵਿੱਚ ਖੈਰ ਪੁਆ ਆਈਏ

ਆ ਜਾਉ ਸ਼ਹਿਰ ਬਟਾਲੇ ਜਾ ਕੇ
ਸ਼ਿਵ ਨੂੰ ਸੀਸ ਨਿਵਾਅ ਆਈਏ

ਫੁੱਲਾਂ ਲੱਦੀਆਂ ਨਜ਼ਮਾਂ ਨਾਲ ਉਹ
ਬਿਰਹੋਂ ਦੀਆਂ ਬਾਤਾਂ ਪਾਉਂਦਾ ਸੀ

ਸਮੁੱਚੇ ਸਾਹਿਤ ਨੂੰ ਉਹ ਸੱਚ ਦੀ
ਸੱਜਰੀ ਦਿਸ਼ਾ ਦਿਖਾਉਂਦਾ ਸੀ

ਪੱਲਾ ਫੜ ਉਮਰੋਂ ਹਾਣੀ ਦਾ
ਉਹਦੀ ਲੂਣਾ ਹੱਥ ਫੜਾ ਆਈਏ

ਆ ਜਾਉ ਸ਼ਹਿਰ ਬਟਾਲੇ ਜਾ ਕੇ
ਸ਼ਿਵ ਨੂੰ ਸੀਸ ਨਿਵਾਅ ਆਈਏ

✪✪✪❦✪✪✪



# ਸ਼ਹਿਰ 'ਚ ਆਇਆ

ਮੈਂ ਬਿਰਹੋਂ ਦੇ ਸ਼ਹਿਰ ਚ ਆਇਆ
ਯਾਦਾਂ ਤੇਰੀਆਂ ਨੇ ਬੁਲਾਇਆ
ਪੀੜਾਂ ਦੀ ਹੈ ਧੂਣੀ ਮਘਦੀ
ਹਰ ਇੱਕ ਸੁਪਨਾ ਮੈਂ ਜਲਾਇਆ

ਕੋਲਾ ਮੇਰੀ ਰੂਹ ਦੇ ਰੁੱਖ ਦਾ
ਹਿਜਰਾਂ ਵਾਲੇ ਸੇਕ ਨਾ' ਧੁਖ਼ਦਾ
ਜ਼ਿੰਦੜੀ ਫੂਕਣ ਦੇ ਲਈ ਮੇਰੀ
ਗਮ ਮੇਰੇ ਨੇ ਝੋਕਾ ਲਾਇਆ

ਹੰਝੂ ਮੈਨੂੰ ਪੀਣ ਲਈ ਦਿੱਤੇ
ਜ਼ਖ਼ਮ ਸੂਲਾਂ ਨਾਲ ਸੀਣ ਲਈ ਦਿੱਤੇ
ਯਾਰ ਨੇ ਕੋਲ ਖਲੋ ਕੇ ਹੱਥੀਂ
ਆਸਾਂ ਮੇਰੀਆਂ ਨੂੰ ਸੁਲਗਾਇਆ



ਮੁਰਦਾ ਕੀਤਾ ਆਂਦਰਾਂ ਲੂਹ ਕੇ
ਇਸ਼ਕ ਮਾਰਿਆ ਦਿਲ ਚੋਂ ਧੂਹ ਕੇ
ਯਕੀਨ ਮੇਰੇ ਦੀਆਂ ਫਾੜਾਂ ਕਰਕੇ
ਸੱਜਣਾ ਮੇਰਾ ਸਿਵਾ ਮਚਾਇਆ

ਮੈਂ ਬਿਰਹੋਂ ਦੇ ਸ਼ਹਿਰ ਚ ਆਇਆ
ਯਾਦਾਂ ਤੇਰੀਆਂ ਨੇ ਬੁਲਾਇਆ
ਪੀੜਾਂ ਦੀ ਹੈ ਧੂਣੀ ਮਘਦੀ
ਹਰ ਇੱਕ ਸੁਪਨਾ ਮੈਂ ਜਲਾਇਆ

# ਵਜ੍ਹਾ

ਤੁਰਨ ਲੱਗੇ ਨੇ ਵਜ੍ਹਾ ਨਾ ਦੱਸੀ ਛੱਡਕੇ ਜਾਣੇ ਦੀ
ਤੀਰ ਮੇਰੇ ਸੀਨੇ ਤੇ ਚੁੱਪ ਚਪੀਤੇ ਮਾਰ ਗਿਆ

ਹੱਥ ਜੋੜੇ ਮੈਂ ਪੈਰ ਵੀ ਛੂਹੇ ਪਰ ਉਹ ਮੰਨਿਆ ਨਹੀਂ
ਖਾਧੀਆਂ ਕਸਮਾਂ ਨੂੰ ਉਹ ਪਲ ਦੇ ਵਿੱਚ ਵਿਸਾਰ ਗਿਆ

ਭੋਲਾ ਚਿਹਰਾ ਤੱਕ ਕੇ ਉਹਨੇ ਮੁੱਖ ਹੀ ਮੋੜ ਲਿਆ
ਜਿਉਂਦੇ ਨੂੰ ਲਾਸ਼ ਬਣਾ ਮੈਨੂੰ, ਵਿੱਚ ਛੱਡ ਸੰਸਾਰ ਗਿਆ

ਕਿਉਂ ਕੰਬਦੇ ਮੇਰੇ ਬੋਲ ਉਹਦੇ ਦਿਲ ਤੀਕਰ ਪਹੁੰਚੇ ਨਾ
ਪੀੜ ਕਿਨਾਰੇ ਛੱਡ ਮੈਨੂੰ, ਖੁਦ ਲੰਘ ਉਹ ਪਾਰ ਗਿਆ

ਜਿਸਮ ਨਹੀਂ ਮੈਂ ਰੂਹ ਉਹਦੀ ਸੰਗ ਬੈਠਣਾ ਚਾਹੁੰਦਾ ਸੀ
ਮੇਰੀ ਅਰਜ਼ੀ ਪੜੇ ਬਿਨਾਂ, ਉਹ ਕਰ ਇਨਕਾਰ ਗਿਆ

ਹੁਣ ਉਹਦੇ ਲਈ ਇਸ਼ਕ ਮਹੁੱਬਤ ਵਕਤ ਗੁਜ਼ਾਰੀ ਹੈ
"ਕਮਲ" ਉਹਦੀ ਉਲਫ਼ਤ ਦੇ ਵਿੱਚ ਪਰ ਜਿੰਦਗੀ ਹਾਰ ਗਿਆ

✪✪✪❦✪✪✪

# ਮੁਹੱਬਤ

ਹਿਜਰਾਂ ਦੇ ਵਿੱਚ ਸਿਕੀ ਮੁਹੱਬਤ
ਪੈਸੇ ਬਦਲੇ ਵਿਕੀ ਮੁਹੱਬਤ

ਮੇਰੀ ਵਾਰ ਉਹ ਅੰਨੀ ਹੋ ਗਈ
ਉਹਨੂੰ ਨਹੀਓਂ ਦਿਖੀ ਮੁਹੱਬਤ

ਸਭਨਾਂ ਦੇ ਹਿੱਸੇ ਆ ਗਈ ਹੈ
ਮੇਰੇ ਕੋਲ ਨਾ ਟਿਕੀ ਮੁਹੱਬਤ

ਲਿਖਿਆ ਬਹੁਤ ਮੁਹੱਬਤ ਤੇ ਪਰ
ਲੇਖਾਂ ਵਿੱਚ ਨਹੀਂ ਲਿਖੀ ਮੁਹੱਬਤ

✪✪✪❦✪✪✪

# ਸੱਚ ਨੂੰ ਗਵਾ ਲਿਆ

ਨੀ ਤੂੰ ਲਾਲਚ ਦੇ ਪਿੱਛੇ ਲੱਗ
ਸੱਚ ਨੂੰ ਗਵਾ ਲਿਆ
ਮਾਣ ਤੋੜ ਤੂੰ ਗਰੀਬੜੇ ਦਾ
ਯਾਰ ਨਵਾਂ ਕੋਈ ਬਣਾ ਲਿਆ

ਕਿੱਦਾ ਆਉਂਦੀ ਤੈਨੂੰ ਨੀਂਦ
ਇੱਕ ਵਾਰ ਦੱਸ ਜਾਵੀਂ
ਮੈਨੂੰ ਖਿਆਲਾਂ ਚ ਗਵਾਚੇ ਨੂੰ
ਲੱਭਣ ਤੂੰ ਆਵੀਂ

ਮੇਰੇ ਗਲ਼ ਵਿੱਚ ਰੱਸਾ ਦੇਖੀਂ
ਝੋਰਿਆਂ ਨੇ ਪਾ ਲਿਆ
ਨੀ ਤੂੰ ਲਾਲਚ ਦੇ ਪਿੱਛੇ ਲੱਗ
ਸੱਚ ਨੂੰ ਗਵਾ ਲਿਆ

ਕੁਝ ਆਖਦੇ ਸ਼ੁਦਾਈ
ਕੁਝ ਝੱਲਾ ਵੀ ਨੇ ਕਹਿਣ ਲੱਗੇ
ਕਈ ਆਖਦੇ ਨਿਕੰਮਾ
ਤੇ ਕਈ ਪਾਗ਼ਲ ਨੇ ਕਹਿਣ ਲੱਗੇ

ਮੈਨੂੰ ਲੱਗੇ ਮੈਂ ਤਾਂ ਇਸ਼ਕੇ ਦੇ
ਕਿਸੇ ਟੂਣੇ ਹੱਥ ਲਾ ਲਿਆ
ਨੀ ਤੂੰ ਲਾਲਚ ਦੇ ਪਿੱਛੇ ਲੱਗ
ਸੱਚ ਨੂੰ ਗਵਾ ਲਿਆ

ਹੁਣ ਮੁੱਕਣੀ ਹੈ ਗੱਲ
ਮੇਰੇ ਸਾਹਾਂ ਉੱਤੇ ਆ ਕੇ
ਪੀੜਾਂ ਮੇਰੀਆਂ ਨੇ ਰੋਣਾ
ਮੇਰੀ ਜਿੰਦੜੀ ਮੁਕਾ ਕੇ

ਦੁੱਖਾਂ ਆਖਣਾ ਕਿ ਹੱਥੀਂ
ਕੋਈ ਆਪਣਾ ਮਰਾ ਲਿਆ
ਨੀ ਤੂੰ ਲਾਲਚ ਦੇ ਪਿੱਛੇ ਲੱਗ
ਸੱਚ ਨੂੰ ਗਵਾ ਲਿਆ
ਮਾਣ ਤੋੜ ਤੂੰ ਗਰੀਬੜੇ ਦਾ
ਯਾਰ ਨਵਾਂ ਕੋਈ ਬਣਾ ਲਿਆ

# ਮੇਰੇ ਨਾਲ



ਰੀਤਾਂ ਤੇ ਪ੍ਰੀਤਾਂ ਮੇਰੇ ਨਾਲ ਜੋ ਜੋ ਕੀਤਾ
ਦੋਹਾਂ ਜ਼ੁਲਮ ਹੀ ਕੀਤੇ ਮੇਰਾ ਫੱਟ ਨਾ ਸੀਤਾ

ਰੀਤਾਂ ਦੇ ਮਹਿਲ ਨੇ ਉੱਚੇ ਦਿਲ ਪੱਥਰਾਂ ਦੇ ਬਣੇ
ਇਹਨਾਂ ਵੱਡੇ ਵੱਡੇ ਆਸ਼ਕਾਂ ਨੂੰ ਸੂਲੀ ਚਾੜ ਦਿੱਤਾ

ਰੀਤਾਂ ਜਜ਼ਬੇ ਨਹੀਂ ਜ਼ਬਰਦਸਤੀ ਦਾ ਨਾਂ ਹੈ
ਕੋਲੋਂ ਡਰਕੇ ਇਹਨਾਂ ਦੇ ਜ਼ਹਿਰ ਕਈਆਂ ਪੀਤਾ

ਰੀਤਾਂ ਦੇ ਰਿਸ਼ਤੇ ਅੰਦਰੋਂ ਧਾਗਿਆਂ ਤੋਂ ਕੱਚੇ
ਇਹਨਾਂ ਰਿਸ਼ਤਾ ਦਿਲਾਂ ਦਾ ਪੂਰਾ ਲੀਰੋ ਲੀਰ ਕੀਤਾ

ਰੀਤਾਂ ਅਣਖ ਤੇ ਟੌਹਰ ਦਾ ਮਖੌਟਾ ਚਾੜ ਰੱਖਿਆ
ਇਹਨਾਂ ਮਾਸੂਮ ਕਈ ਰੂਹਾਂ ਦਾ ਖ਼ੂਨ ਕੱਢ ਪੀਤਾ

ਰੀਤਾਂ ਰੱਬ ਬਣ ਦੁਨੀਆ ਦੇ ਜ਼ਹਿਨ ਵਸ ਗਈਆਂ
ਇਹਨਾਂ ਨਾਮ ਕ੍ਰਾਂਤੀ ਦਾ ਕਾਫ਼ਿਰ ਰੱਖ ਦਿੱਤਾ



✪✪✪❦✪✪✪

# ਮੇਰੇ ਜ਼ਜ਼ਬਾਤ

ਜ਼ਜ਼ਬਾਤ ਮੇਰੇ ਪਹਿਲਾਂ ਤੇਰੀ ਮਹੁੱਬਤ ਬਣੇ
ਫਿਰ ਇਹਨਾਂ ਨੂੰ ਤੇਰੇ ਬਦਲਦੇ ਰੰਗਾਂ ਨੇ ਆਪਣੇ ਰੰਗ ਦਿਖਾਏ
ਫਿਰ ਤੂੰ ਇੱਕ ਇੱਕ ਕਰ ਇਹਨਾਂ ਦਾ ਗਲ਼ਾ ਘੁੱਟਿਆ
ਇਨਾਂ ਨੂੰ ਧੋਖੇ ਦੀ ਪੀੜ ਨੇ ਆਪਣੇ ਪੈਰਾਂ ਹੇਠ ਰੋਲਿਆ
ਇਹਨਾਂ ਦਾ ਕੋਈ ਜੀਣਾ ਨਹੀਂ ਰਹਿ ਗਿਆ ਸੀ
ਕਰਦੇ ਕਰਾਉਂਦੇ ਇਹਨਾਂ ਨੇ ਆਪਣੇ ਲਈ ਜਿਸਮ ਚੁਣਿਆ ਅੱਖਰਾਂ ਦਾ
ਤੇ ਅੱਖਰਾਂ ਨੇ ਇਹਨਾਂ ਨੂੰ ਡੁੱਲਣ ਨਾ ਦਿੱਤਾ
ਇਹਨਾਂ ਦਾ ਦਿਲ ਲਾਵਣ ਲਈ
ਕਦੇ ਇਹ ਗਜ਼ਲ ਬਣ ਜਾਂਦੇ ਨੇ
ਕਦੇ ਇਹ ਕਵਿਤਾ ਬਣ ਜਾਂਦੇ ਨੇ
ਕਦੇ ਇਹ ਗੀਤ ਬਣ ਜਾਂਦੇ ਨੇ
ਤੇ ਕਦੇ ਖੁੱਲ੍ਹਾਂ ਦਿਲ ਦਿਖਾ
ਵਾਰਤਕ ਦਾ ਰੂਪ ਲੈ ਲੈਂਦੇ ਨੇ
ਮੈਂ ਧੰਨਵਾਦੀ ਹਾਂ ਅੱਖਰਾਂ ਦਾ
ਜਿਹਨਾਂ ਨੇ ਮੇਰੇ ਜਜ਼ਬੇ ਮਰਨ ਨਾ ਦਿੱਤੇ
ਆਪਣਾ ਰੂਪ ਦੇ ਇਹਨਾਂ ਨੂੰ ਜਿਉਂਦੇ ਰੱਖਿਆ

# ਹੰਝੂ

ਮੇਰੇ ਦਿਲ ਚੋਂ ਰਿਸਦਾ ਹੰਝੂ
ਨੈਣਾਂ ਤੀਕਰ ਜਾਵੇ ਨਾ
ਮੇਰੇ ਅੰਦਰ ਬੈਠਾ ਹੈ ਗਮ
ਪਰ ਚਿਹਰੇ 'ਤੇ ਆਵੇ ਨਾ

ਪਿਆਰ ਮੇਰਾ ਇਹ ਜ਼ਿੰਦਗੀ ਤੋਂ
ਕਦ ਮੌਤ ਦੇ ਰਸਤੇ ਜਾ ਪਹੁੰਚਾ
ਦਸ਼ਤ ਨੇ ਘੇਰਾ ਪਾਇਆ ਇਹਨੂੰ
ਰਸਤਾ ਕੋਈ ਥਿਆਵੇ ਨਾ
ਮੇਰੇ ਅੰਦਰ ਬੈਠਾ ਹੈ ਗਮ
ਪਰ ਚਿਹਰੇ 'ਤੇ ਆਵੇ ਨਾ

ਮੇਰੀ ਲਾਸ਼ ਉਜਾੜ 'ਚ ਦੱਬਿਓ
ਕੰਡਿਆਲੀ ਜਾ ਸੇਜ ਤੇ ਰੱਖਿਓ

ਫੁੱਲ ਦੀ ਨਾ ਛੋਰ ਮਿਲਜੇ ਮੈਨੂੰ
ਖ਼ੁਸ਼ਬੂ ਕੋਈ ਸਤਾਵੇ ਨਾ
ਮੇਰੇ ਅੰਦਰ ਬੈਠਾ ਹੈ ਗਮ
ਪਰ ਚਿਹਰੇ 'ਤੇ ਆਵੇ ਨਾ

ਪੀੜਾਂ ਦੇ ਜੰਮਿਆਂ ਤੇ ਕੋਈ
ਮੋਹ ਜਾਲ਼ ਨਾ ਪਾ ਦੇਵੇ
ਹਿਜਰਾਂ ਦੀ ਅੱਗ ਵਿੱਚ ਸੜਦੇ 'ਤੇ
ਆਣ ਪਾਣੀ ਕੋਈ ਪਾਵੇ ਨਾ
ਮੇਰੇ ਅੰਦਰ ਬੈਠਾ ਹੈ ਗਮ
ਪਰ ਚਿਹਰੇ 'ਤੇ ਆਵੇ ਨਾ

✪✪✪❦✪✪✪

# ਮੁੜ ਤਾਂ ਆਵੇਗਾ

ਮੈਂ ਯਾਰ ਤੇਰੇ ਨਾ ਬੋਲਣ ਤੇ ਵੀ ਗੱਲਾਂ ਕਰਦਾ ਹਾਂ
ਪਤਾ ਨਹੀਂ ਕਿਉਂ ਮੇਰਾ ਦਿਲ ਵਾਰ ਵਾਰ ਭਰ ਜਾਂਦਾ ਹੈ
ਮੈਨੂੰ ਹਰ ਕੋਈ ਅੱਜ ਕੱਲ੍ਹ ਧੱਕੇ ਮਾਰ ਰਿਹਾ ਹੈ
ਮੈਂ ਖੁਰਦਾ ਜਾ ਰਿਹਾ ਹਾਂ ਦਿਨ ਪਰ ਦਿਨ
ਮੈਂ ਰੋਜ ਤੈਨੂੰ ਆਪਣੇ ਬਾਰੇ ਦੱਸਣਾ ਚਾਹੁੰਦਾ ਹਾਂ
ਪਰ ਤੇਰੇ ਕੋਲ ਸਮਾਂ ਨਹੀਂ ਹੁੰਦਾ ਨਾ ਮੈਂ ਤੈਨੂੰ ਮਜਬੂਰ ਕਰਨਾ ਚਾਹੁੰਦਾ
ਮੈਨੂੰ ਕਿਉਂ ਨਹੀਂ ਪੁੱਛਦੀ ਤੂੰ ਮੇਰੇ ਦਿਲ ਦਾ ਹਾਲ !
ਮੈਂ ਇੰਨਾ ਬੁਰਾ ਹਾਂ ਦੁਨੀਆ ਤੇ ਕੀ ਮੇਰੇ ਵਿੱਚ ਕੋਈ ਕਾਬਲੀਅਤ ਨਹੀਂ
ਤੈਨੂੰ ਪਤਾ ਮੈਂ ਤੈਨੂੰ ਯਾਦ ਕਰ ਅੱਖਾਂ ਭਰ ਲੈਂਦਾ ਹਾਂ
ਮੇਰੇ ਵਿੱਚੋਂ ਕੁਝ ਥੁੜਦਾ ਜਾ ਰਿਹਾ ਹੈ
ਜਦ ਤੂੰ ਤੇਰੇ ਵਿਆਹ ਦੀ ਗੱਲ ਕਰਦੀ ਹੈ ਮੇਰਾ ਸੀਨਾ ਹੌਲ ਨਾਲ ਭਰ ਜਾਂਦਾ
ਹੈ
ਅੱਜ ਮੈਂ ਸੋਚਿਆ ਮੈਂ ਤੇਰੇ ਕੋਲੋਂ ਕੁਝ ਨਹੀਂ ਲੁਕਾਵਾਂਗਾ
ਸਭ ਦੱਸ ਦੇਵਾਂਗਾ ਤੈਨੂੰ ਮੈਂ ਸੋਹਣਾ ਵੀ ਨਹੀਂ ਹਾਂ
ਕੱਦ ਕਾਠ ਵੀ ਮੇਰਾ ਕੋਈ ਖ਼ਾਸ ਨਹੀਂ ਤੇ ਉਮਰੋਂ ਵੀ ਵਡੇਰਾ ਹੁੰਦਾ ਜਾ ਰਿਹਾਂ
ਪਰ ਕੀ ਮੈਂ ਤੈਨੂੰ ਪਿਆਰ ਨਹੀਂ ਕਰ ਸਕਦਾ
ਇਹ ਸਭ ਬਾਹਰੀ ਚੀਜਾਂ ਜਰੂਰੀ ਨੇ, ਮੇਰੀ ਮਹੁੱਬਤ ਸਾਬਿਤ ਕਰਨ
ਲਈ !
ਮੇਰੀਆਂ ਰਾਤਾਂ ਲੰਮੀਆਂ ਹੁੰਦੀਆਂ ਜਾ ਰਹੀਆਂ
ਤੈਨੂੰ ਪਤਾ ਮੇਰੇ ਜ਼ਹਿਨ ਨੂੰ ਹਨੇਰੇ ਨਾਲ ਕਿੰਨਾ ਲੜਨਾ ਪੈਂਦਾ

ਮੈਨੂੰ ਕੋਈ ਨਹੀਂ ਪੁੱਛਦਾ ਆ ਕੇ ਖੁਦ ਹੀ ਰੋ ਕੇ ਖੁਦ ਨੂੰ ਚੁੱਪ ਕਰਾ ਲੈਂਦਾ
ਫਿਰ ਕਿਸੇ ਰੋਂਦੇ ਬੱਚੇ ਵਾਂਗ ਰੋਂਦਾ ਰੋਂਦਾ ਸੌਂ ਜਾਂਦਾ ਹਾਂ
ਮੰਨਿਆ ਮੈਨੂੰ ਪਿਆਰ ਕਰਨਾ ਨਹੀਂ ਆਉਂਦਾ
ਪਰ ਮੈਂ ਤੈਨੂੰ ਆਪਣੇ ਨਾਲ ਹਰ ਵੇਲੇ ਮੌਜੂਦ ਮਹਿਸੂਸ ਕਰਦਾ ਹਾਂ

ਮੈਨੂੰ ਰਾਤਾਂ ਦੇ ਹਨੇਰਿਆਂ ਚ ਛੱਡ ਜਾਣ ਵਾਲਿਆ
ਸਾਹ ਮੁੱਕਣ ਤੋਂ ਪਹਿਲਾਂ ਦੱਸੀਂ ਮੁੜ ਤਾਂ ਆਵੇਗਾ

ਮੇਰੇ ਮਾਣ ਵਾਲਾ ਰੁੱਖ ਜੜੋਂ ਵੱਢ ਜਾਣ ਵਾਲਿਆ
ਰੁੱਖ ਸੁੱਕਣ ਤੋਂ ਪਹਿਲਾਂ ਦੱਸੀਂ ਮੁੜ ਤਾਂ ਆਵੇਗਾ

ਦਿਲ ਆਪਣੇ ਚੋਂ ਰੂਹ ਮੇਰੀ ਕੱਢ ਜਾਣ ਵਾਲਿਆ
ਰੂਹ ਭਟਕਣ ਤੋਂ ਪਹਿਲਾਂ ਦੱਸੀਂ ਮੁੜ ਤਾਂ ਆਵੇਗਾ

# ਦਾਣਾ ਪਾਣੀ

ਧੁੱਪ ਤੋਂ ਲੈ ਕੇ ਚਾਨਣ ਤੱਕ
ਧੁਰ ਸਾਹਾਂ ਚੋਂ ਭਾਲਣ ਤੱਕ

ਫ਼ਿਕਰ ਜਿਹਾ ਇੱਕ ਰਹਿੰਦਾ
ਜੋ ਵਾਰ ਵਾਰ ਇਹ ਕਹਿੰਦਾ

ਸ਼ੀਸ਼ੇ ਵਾਂਗੂ ਟੁੱਟਣਾ ਇੱਕ ਦਿਨ
ਯਾਰ ਮੇਰੇ ਨੇ ਖੁੱਸਣਾ ਇੱਕ ਦਿਨ

ਮੈਂ ਗਮ ਮੇਰੇ ਨਾਲ ਜੁੜ ਜਾਣਾ
ਮੈਂ ਆਪਣੇ ਆਪ ਤੋਂ ਥੁੜ ਜਾਣਾ

ਮੈਂ ਦੁਨੀਆ ਕੋਲੋਂ ਲੁਕਣਾ ਫਿਰ
ਮੇਰੇ ਹਾਸਿਆਂ ਮੈਥੋਂ ਰੁੱਸਣਾ ਫਿਰ

ਮੈਂ ਉੱਠ ਉੱਠ ਰਾਤੀਂ ਰੋਣਾ ਤਦ
ਤੇਰੀ ਯਾਦ ਚ ਪਾਗਲ ਹੋਣਾ ਜਦ

ਲੋਕਾਂ ਨੇ ਕਹਿਣਾ ਕੱਲਾ ਹੈ
ਆਸ਼ਕ ਹੋਇਆ ਝੱਲਾ ਹੈ

ਵੇਖ ਨਬਜ਼ ਹਕੀਮਾਂ ਕਹਿਣਾ ਜੀ
ਇਹਦੇ ਸਾਹਾਂ ਹੁਣ ਨਾ ਰਹਿਣਾ ਜੀ

ਇਹਦੀ ਲੰਬੀ ਕੋਈ ਕਹਾਣੀ ਹੈ
ਇਹਦਾ ਮੁੱਕਿਆ ਦਾਣਾ ਪਾਣੀ ਹੈ

✪✪✪❦✪✪✪

# ਔਖੇ ਜੀ

ਹਰਫ਼ਾਂ ਚ ਜਜ਼ਬੇ ਉਤਾਰਨੇ ਨੇ ਔਖੇ ਜੀ

ਹੱਥੀਂ ਬੀਜ ਖੇਤ ਵੀ ਉਜਾੜਨੇ ਨੇ ਔਖੇ ਜੀ

ਕਿੰਨਾ ਚੰਗਾ ਹੋਵੇ ਔਧ ਲੰਘ ਜੇ, ਜੇ ਪਲਾਂ ਵਿੱਚ

ਦਿਨ ਇੱਕ ਇੱਕ ਤਾਂ ਗੁਜਾਰਨੇ ਨੇ ਔਖੇ ਜੀ

# ਕੈਦਖਾਨਾ

ਪੁੱਜ ਗਿਆ ਹਾਂ ਮੈਂ ਮੌਤ ਦੇ ਨੇੜੇ, ਉਹਨੂੰ ਲੱਗੇ ਮਜ਼ਾਕ ਹਾਂ ਕਰਦਾ
ਇਲਮ ਨਹੀਂ ਉਹਨੂੰ ਇਸ ਗੱਲ ਦਾ, ਇਸ਼ਕ ਦੇ ਵਿੱਚ ਮੈਂ ਕੀ ਕੀ ਜਰਦਾ

ਪਿਆ ਭੁਲੇਖਾ ਉਹਨੂੰ ਕਿ ਮੈਂ ਫਿਰ ਤੋਂ ਜ਼ਿੰਦਗੀ ਜੀਣ ਲੱਗਾ ਹਾਂ
ਪਰ ਉਸਦੇ ਵਾਪਿਸ ਆਉਣੇ ਦੀ, ਆਸ ਦੇ ਵਿੱਚ ਮੈਂ ਨਿੱਤ ਹਾਂ ਮਰਦਾ

ਆਪਣੀ ਪਿਆਸ ਬੁਝਾ ਚੁੱਕੀ ਹੈ, ਉਹ ਗੈਰਾਂ ਦੇ ਖੂਹ ਤੇ ਜਾ ਕੇ
ਓਸੇ ਜਗ੍ਹਾ ਖਲੋਤਾ ਅੱਜ ਵੀ, ਮੈਂ ਹਾਂ ਉਸਦਾ ਪਾਣੀ ਭਰਦਾ

ਉਹ ਪੋਹ ਵਰਗੀ ਰਚੀ ਹੋਈ ਹੈ, ਹੁਣ ਮੇਰੀ ਰਗ ਰਗ ਦੇ ਅੰਦਰ
ਸਿਖ਼ਰ ਦੁਪਹਿਰੇ ਜੇਠ ਮਹੀਨੇ, ਵੀ ਹੈ ਮੇਰਾ ਪਿੰਡਾ ਠਰਦਾ

ਮੇਰੀ ਮੁਹੱਬਤ ਕੈਦਖਾਨੇ ਦੇ, ਵਰਗੀ ਜਾਪਣ ਲੱਗ ਜਾਂਦੀ ਹੈ
ਜਦ ਜਦ ਵੀ ਉਹ ਫ਼ੈਸਲਾ ਆਪਣਾ, ਮੇਰੇ ਹੱਥਾਂ ਵਿੱਚ ਹੈ ਧਰਦਾ

# ਸਿੱਖ ਰਿਹਾ ਹਾਂ

ਰੁੜ੍ਹ ਰੁੜ੍ਹ ਕੇ ਮੈਂ ਸਿੱਖ ਰਿਹਾ ਹਾਂ
ਅੱਖਰਾਂ ਤੋਂ ਮੈਂ ਕਵਿਤਾ ਤੀਕਰ
ਤੁਰਨਾ ਹਾਲੇ ਸਿੱਖ ਰਿਹਾ ਹਾਂ

ਦਰਦ ਨੂੰ ਲਿਖਣਾ ਡਾਢਾ ਔਖਾ
ਇਸ਼ਕ ਮੁਹੱਬਤ ਹੈ ਨਈ ਸੌਖਾ
"ਸ਼ਿਵ" ਦੇ ਕੋਲੋਂ ਜੋਬਨ ਰੁੱਤੇ
ਮਰਨਾ ਹਾਲੇ ਸਿੱਖ ਰਿਹਾ ਹਾਂ
ਅੱਖਰਾਂ ਤੋਂ ਮੈਂ ਕਵਿਤਾ ਤੀਕਰ
ਤੁਰਨਾ ਹਾਲੇ ਸਿੱਖ ਰਿਹਾ ਹਾਂ

ਤੁਕਬੰਦੀ ਨਾ ਆਉਂਦੀ ਮੈਨੂੰ
ਛੰਦਬੰਦੀ ਨਾ ਆਉਂਦੀ ਮੈਨੂੰ
"ਵਾਰਿਸ" ਦੀ ਮੈਂ ਹੀਰ ਸਲੇਟੀ
ਪੜ੍ਹਨਾ ਹਾਲੇ ਸਿੱਖ ਰਿਹਾ ਹਾਂ
ਅੱਖਰਾਂ ਤੋਂ ਮੈਂ ਕਵਿਤਾ ਤੀਕਰ
ਤੁਰਨਾ ਹਾਲੇ ਸਿੱਖ ਰਿਹਾ ਹਾਂ

ਮੈਂ ਵੀ ਕੱਚਾ ਪੀੜ੍ਹ ਵੀ ਕੱਚੀ
ਹੰਝੂਆਂ ਦੀ ਤਾਸੀਰ ਵੀ ਕੱਚੀ

"ਜੌਨ" ਦੇ ਵਾਂਗੂੰ ਨਾਲ ਗਮਾਂ ਦੇ
ਜੁੜਨਾ ਹਾਲੇ ਸਿੱਖ ਰਿਹਾ ਹਾਂ
ਅੱਖਰਾਂ ਤੋਂ ਮੈਂ ਕਵਿਤਾ ਤੀਕਰ
ਤੁਰਨਾ ਹਾਲੇ ਸਿੱਖ ਰਿਹਾ ਹਾਂ

ਸ਼ਾਇਰਾਂ ਦੀ ਤਾਂ ਜਾਤ ਨਾ ਕੋਈ
ਉਂਝ ਮੇਰੀ ਵੀ ਔਕਾਤ ਨਾ ਕੋਈ
ਮੌਤ ਦੇ ਹੱਥੋਂ ਜਿੰਦ ਆਪਣੀ ਦਾ
ਖੁਰਨਾ ਹਾਲੇ ਸਿੱਖ ਰਿਹਾ ਹਾਂ
ਅੱਖਰਾਂ ਤੋਂ ਮੈਂ ਕਵਿਤਾ ਤੀਕਰ
ਤੁਰਨਾ ਹਾਲੇ ਸਿੱਖ ਰਿਹਾ ਹਾਂ

# ਗੂੜਾ ਹੋ ਚੱਲਿਆ

ਜਿਵੇਂ ਜਿਵੇਂ ਰੰਗ ਫਿੱਕਾ ਹੋਇਆ ਜ਼ਿੰਦਗੀ ਦਾ
ਉਵੇਂ ਉਵੇਂ ਰੰਗ ਇਸ਼ਕ ਦਾ ਗੂੜਾ ਹੋ ਚੱਲਿਆ

ਮੈਨੂੰ ਖੜੇ ਉਡੀਕਣ ਚਾਰ ਮੋਢਿਆਂ ਵਾਲੇ ਨੀ
ਜਿਸਮ ਮੇਰਾ ਹੁਣ ਹੁਸਨ ਤੋਂ ਕੂੜਾ ਹੋ ਚੱਲਿਆ

ਅਰਜਾਂ ਤੂੰ ਨਾ ਸੁਣੀਆਂ ਰੱਬ ਨੇ ਸੁਣ ਲਈਆਂ
ਧੋਖੇ ਵਾਲੀਆਂ ਰਾਹਾਂ ਸੀ ਤੂੰ ਚੁਣ ਲਈਆਂ

ਖ਼ੁਦਾ ਮੌਤ ਦਾ ਸਾਕ ਹੈ ਭੇਜਿਆ ਮੇਰੇ ਦਰ ਉੱਤੇ
ਪਰ ਤੇਰੇ ਕਰਮਾਂ ਵਿੱਚ ਤਾਂ ਚੂੜਾ ਹੋ ਚੱਲਿਆ

ਜਿਵੇਂ ਜਿਵੇਂ ਰੰਗ ਫਿੱਕਾ ਹੋਇਆ ਜਿੰਦਗੀ ਦਾ
ਉਵੇਂ ਉਵੇਂ ਰੰਗ ਇਸ਼ਕ ਦਾ ਗੂੜਾ ਹੋ ਚੱਲਿਆ

✪✪✪❦✪✪✪

# ਕਿਉਂ ?

ਉਹਨੇ ਆਖਿਆ ਮੇਰੇ ਕਰਕੇ
ਗੱਲ ਘਰੇ ਤੂੰ ਖੋਲਦਾ, ਕਿਉਂ ਨਹੀਂ

ਕੀ ਤੂੰ ਮੈਨੂੰ ਪਿਆਰ ਨੀ ਕਰਦਾ
ਦੱਸ ਜ਼ਰਾ ਹੁਣ ਬੋਲਦਾ, ਕਿਉਂ ਨਹੀਂ

ਮੈਂ ਪਾਗ਼ਲ ਹਾਂ ਫ਼ਿਕਰਾਂ ਕਰਦੀ
ਦੁੱਖ ਮੇਰੇ ਨਾਲ਼ ਫੋਲਦਾ, ਕਿਉਂ ਨਹੀਂ

ਜੇ ਮੈਨੂੰ ਅਪਣਾ ਨਹੀਂ ਸਕਦਾ
ਫੇਰ ਮੈਨੂੰ ਤੂੰ ਰੋਲਦਾ, ਕਿਉਂ ਨਹੀਂ

ਰਿਸ਼ਤੇਦਾਰ ਲੈ ਰਿਸ਼ਤੇ ਆਉਂਦੇ
ਤੂੰ ਵਿਚੋਲਾ ਟੋਲਦਾ, ਕਿਉਂ ਨਹੀਂ

ਸੱਲ ਮੇਰੇ ਸੀਨੇ ਵਿੱਚ ਪੈਂਦੇ
ਦਰਦ ਮੇਰੇ ਨੂੰ ਤੋਲਦਾ, ਕਿਉਂ ਨਹੀਂ

ਮੈਂ ਨਹੀਂ ਜੀਣਾ ਤੇਰੇ ਬਿਨ ਵੇ
ਜ਼ਹਿਰ ਮੇਰੇ ਲਈ ਘੋਲਦਾ, ਕਿਉਂ ਨਹੀਂ

✪✪✪❦✪✪✪

# ਸੱਜਣ ਜੀ

ਸੱਜਣ ਜੀ, ਹੁਣ ਦਿਨ ਆਏ ਨੇੜੇ
ਸੱਜਣ ਜੀ, ਮੈਨੂੰ ਮੌਤ ਨੇ ਪਾਏ ਘੇਰੇ
ਤਕਦੀਰ ਮੇਰੀ ਦੀ ਔਧ ਮੁੱਕ ਗਈ
ਤੂੰ ਆ ਕੇ, ਮੇਰੇ ਘਰ ਨਾ ਪਾਏ ਫੇਰੇ
ਸੱਜਣ ਜੀ, ਹੁਣ ਦਿਨ ਆਏ ਨੇੜੇ
ਸੱਜਣ ਜੀ, ਮੈਨੂੰ ਮੌਤ ਨੇ ਪਾਏ ਘੇਰੇ

ਚਿਣਗ ਇਸ਼ਕ ਦੀ ਲਾਕੇ ਦਿਲ ਨੂੰ
ਆਸਾਂ ਦੀ ਅੱਗ ਮਚਾਕੇ ਦਿਲ ਨੂੰ
ਮੁੜਿਆ ਨਾ ਹਾਣੀ ਪਾਣੀ ਬਣਕੇ
ਝੁਲਸਦੇ ਮੇਰੇ ਹੰਝੂਆਂ ਨੇ, ਹੋਕੇ ਲਾਏ ਤੇਰੇ
ਸੱਜਣ ਜੀ, ਹੁਣ ਦਿਨ ਆਏ ਨੇੜੇ
ਸੱਜਣ ਜੀ, ਮੈਨੂੰ ਮੌਤ ਨੇ ਪਾਏ ਘੇਰੇ

ਕਾਫ਼ਿਰ ਸਾਰੀ ਦੁਨੀਆ ਸਮਝੇ
ਥਾਂ ਨਾ ਮਿਲਦੀ ਲੁਕਣੇ ਦੇ ਲਈ
ਤਾਹਨੇ ਵੀ ਮੈਨੂੰ ਮਾਰਦੇ ਆਪਣੇ
ਪੀੜਾਂ, ਹਾਸੇ ਵੀ ਭਰਮਾਏ ਮੇਰੇ
ਸੱਜਣ ਜੀ, ਹੁਣ ਦਿਨ ਆਏ ਨੇੜੇ
ਸੱਜਣ ਜੀ, ਮੈਨੂੰ ਮੌਤ ਨੇ ਪਾਏ ਘੇਰੇ

# ਚੇਤਿਆਂ 'ਚ ਰੱਖਿਓ

ਮੈਂ ਜਦੋਂ ਨਾ ਰਿਹਾ, ਮੈਨੂੰ ਚੇਤਿਆਂ ਦੇ ਵਿੱਚ ਰੱਖਿਓ
ਵਸਲਾਂ ਮੇਰੀਆਂ ਮਾਰਨ ਵੇਲੇ, ਜ਼ਰਾ ਨਾ ਤੁਸੀਂ ਝਕਿਓ
ਨਜ਼ਮਾਂ ਮੇਰੀਆਂ ਨੂੰ ਲੈਜਾਕੇ, ਬਿਰਹੋਂ ਦੀ ਭੱਠੀ ਲਾਇਓ
ਜਾਂ ਹਿਜਰਾਂ ਦੇ ਫੁੱਲ ਬਣਾਕੇ, ਕਬਰ ਮੇਰੀ ਤੇ ਰੱਖਿਓ

ਦੁੱਖਾਂ ਦੇ ਕੁਝ ਗੀਤ ਬਣਾਕੇ, ਮੇਰੀ ਮਿੱਟੀ ਨੂੰ ਸੁਣਾਇਓ
ਬੀਜ ਇਸ਼ਕ ਦੇ ਉਪਜ ਸਕਾਂ, ਐਸੀ ਗੋਡੀ ਕਰਕੇ ਜਾਇਓ
ਮੇਰੇ ਦਰਦਾਂ ਦੇ ਵਿੱਚ ਨਮੀ ਰਹੇ, ਕੁਝ ਹੰਝੂ ਵੀ ਛਿੜਕਾਇਓ
ਦੇਖਿਓ ਸ਼ਕਲਾਂ ਹਾਸੇ ਰਲਕੇ, ਮੇਰੇ ਗ਼ਮ ਨੂੰ ਨਾ ਸਤਾਵਣ
ਤਦ ਗ਼ਮ ਨੂੰ ਮੇਰੇ ਜਜ਼ਬਿਆਂ ਵਾਲੇ, ਕੱਫ਼ਣ ਦੇ ਨਾਲ ਢੱਕਿਓ
ਨਜ਼ਮਾਂ ਮੇਰੀਆਂ ਨੂੰ ਲੈਜਾਕੇ, ਬਿਰਹੋਂ ਦੀ ਭੱਠੀ ਲਾਇਓ
ਜਾਂ ਹਿਜਰਾਂ ਦੇ ਫੁੱਲ ਬਣਾਕੇ, ਕਬਰ ਮੇਰੀ ਤੇ ਰੱਖਿਓ

ਜੇ ਕਿਤੇ ਮੇਰੇ ਚਾਅ ਉੱਠਕੇ, ਰੀਝਾਂ ਨੂੰ ਮਨਾਵਣ
ਕਾਲੀਆਂ ਜ਼ੁਲਫ਼ਾਂ ਦੇ ਕਿੱਧਰੇ, ਇਹ ਘੇਰੇ ਦੇ ਵਿੱਚ ਆਵਣ
ਜਾਂ ਜਦ ਸ਼ੋਖ ਰੰਗਾਂ ਦੇ ਗਲ਼ ਵਿੱਚ, ਬਾਹਾਂ ਏਰੇ ਪਾਵਣ
ਫੇਰ ਰੰਗਾਂ ਚੋਂ ਰੰਗ ਮੇਰੇ ਨੂੰ, ਧੂਹ ਕੇ ਲੈ ਤੁਸਾਂ ਜਾਇਓ
ਤਦ ਫਾਹੇ ਇਨਾਂ ਨੂੰ ਲਾਵਣ ਲਈ, ਧੋਖੇ ਦਾ ਰੱਸਾ ਵੱਟਿਓ
ਨਜ਼ਮਾਂ ਮੇਰੀਆਂ ਨੂੰ ਲੈਜਾਕੇ, ਬਿਰਹੋਂ ਦੀ ਭੱਠੀ ਲਾਇਓ
ਜਾਂ ਹਿਜਰਾਂ ਦੇ ਫੁੱਲ ਬਣਾਕੇ, ਕਬਰ ਮੇਰੀ ਤੇ ਰੱਖਿਓ

# ਤੇਰਾ ਹੋਇਆ

ਜਦੋਂ ਦਾ ਹਾਂ ਮੈਂ ਤੇਰਾ ਹੋਇਆ
ਮੁੜ ਕੇ ਆਪਣਾ ਨਾ ਹੋ ਪਾਇਆ

ਲੋਕ ਪਰਖਦੇ ਪਿਆਰ 'ਚ ਅੱਜ ਕੱਲ੍ਹ
ਮੈਂ ਇੱਕ ਵਾਰ ਵੀ ਨਾ ਅਜਮਾਇਆ

ਮੈਂ ਤੈਨੂੰ ਕੁਝ ਕਿਹਾ ਕਦੇ ਨਹੀਂ
ਪਰ ਤੂੰ ਮੈਨੂੰ ਬਹੁਤ ਰਵਾਇਆ

ਮੇਰੀ ਅੱਖ ਵਿੱਚ ਚੁੱਪ ਛਾ ਜਾਂਦੀ
ਤੇਰਾ ਨਾਮ, ਜ਼ੁਬਾਨ ਤੇ ਜਦ ਜਦ ਆਇਆ

✪✪✪❦✪✪✪

# ਹੰਝੂ

ਅੱਖ ਮੇਰੀ ਚੋਂ ਰਿਸਦਾ ਹੰਝੂ
ਪਰ ਉਹਨੂੰ ਨਹੀਂ ਦਿਸਦਾ ਹੰਝੂ

ਯਾਦ ਉਹਦੀ ਦੀ ਚੱਕੀ ਚੱਲਦੀ
ਉਸ ਚੱਕੀ ਵਿੱਚ ਪਿਸਦਾ ਹੰਝੂ

ਸਾਰੇ ਲੋਕੀਂ ਜਾਣਦੇ ਮੇਰਾ
ਉਹ ਆਖੇ, " ਹੈ ਕਿਸਦਾ ਹੰਝੂ "

ਬਲ਼ੇ ਮੇਰੇ ਖ਼ਵਾਬਾਂ ਦਾ ਧੂਣਾ
ਹੈ ਪਰਿਣਾਮ ਇਹ ਜਿਸਦਾ ਹੰਝੂ

✪✪✪❦✪✪✪

# ਜਿਸ ਮੋੜ ਤੇ

ਜਿਸ ਮੋੜ ਤੇ ਆ ਕੇ ਰੁਕ ਗਿਆ ਸੀ
ਉਸ ਮੋੜ ਤੇ ਇੰਤਜ਼ਾਰ ਲਿਖਿਆ ਸੀ

ਜਿਸ ਨੂੰ ਸਾਰੇ ਧੋਖਾ ਧੋਖਾ ਦੱਸਦੇ ਨੇ
ਮੈਨੂੰ ਤਾਂ ਉਹ ਪਿਆਰ ਦਿਸਿਆ ਸੀ

ਜੋ ਪਾਣੀ ਅੱਜ ਜ਼ਹਿਰ ਬਣ ਗਿਆ
ਕਦੇ ਅਮ੍ਰਿਤ ਹੋ ਧਾਰ ਰਿੱਸਿਆ ਸੀ

ਮਹੁੱਬਤ ਤਲਾਸ਼ਣ ਬਾਜ਼ਾਰ ਜਾ ਪਹੁੰਚਾ
ਹਰ ਮਹੁੱਬਤ ਤੇ ਵਪਾਰ ਲਿਖਿਆ ਸੀ

ਕਿਸੇ ਦੇ ਝੂਠ ਉੱਤੇ ਵੀ ਜਿੱਤ ਲਿਖੀ ਸੀ
ਕਿਸੇ ਦੇ ਸੱਚ ਤੇ ਵੀ ਹਾਰ ਲਿਖਿਆ ਸੀ

ਕਿਸੇ ਮਾਸੂਮ ਲਈ ਰੱਸਾ ਵੱਟੀ ਜਾਂਦੇ ਸੀ
ਕਿਸੇ ਕਾਤਲ ਗਲ਼ ਹਾਰ ਲਿਖਿਆ ਸੀ

ਉਹ ਬੁੱਤ ਜੋ ਗਲੀ ਵਿੱਚ ਤੁਰਦਾ ਦੇਖਿਆ
ਉਹਨੂੰ ਘੜਨੇ ਵਾਲੀ ਨਾਰ ਲਿਖਿਆ ਸੀ

ਬੇਵਫਾਈ ਦੇ ਹਥੋੜੇ ਨਾਲ ਸੱਟਾਂ ਮਾਰੀਆਂ
ਹੇਠਾਂ ਪੂਰੇ ਦਾ ਪੂਰਾ ਸਾਰ ਲਿਖਿਆ ਸੀ

ਫੁੱਲਾਂ ਦੇ ਸ਼ਹਿਰੋਂ ਮਸਾਂ ਲੰਘ ਕੇ ਆਇਆਂ
ਹਰ ਗਲੀ ਹਰ ਰਾਹ ਖਾਰ ਵਿਛਿਆ ਸੀ

# ਜਾਣ ਵੇਲੇ

ਥੋੜੀ ਬਹੁਤੀ ਢਿੱਲ ਤਾਂ ਦਿੰਦਾ
ਸਾਡਾ ਮੋੜ ਤੂੰ ਦਿਲ ਤਾਂ ਦਿੰਦਾ

ਤਾਜ਼ਾ ਰਹਿੰਦਾ ਦਰਦ ਇਹ ਮੇਰਾ
ਜ਼ਖ਼ਮ ਪੂਰਾ ਤੂੰ ਛਿੱਲ ਤਾਂ ਦਿੰਦਾ

ਬੰਨ੍ਹ ਲੈਂਦੇ ਅਸੀਂ ਸਬਰ ਜਿਹਦੇ ਨਾਲ
ਗੱਡਣ ਲਈ ਤੂੰ ਕਿੱਲ ਤਾਂ ਦਿੰਦਾ

ਰਲਾਕੇ ਸੁਪਨੇ ਵਿੱਚ ਜਲਾਉਂਦੇ
ਲੋਹੜੀ ਵਾਲੇ ਤਿਲ ਤਾਂ ਦਿੰਦਾ

# ਕੋਸ਼ਿਸ਼

ਬੱਝਾ ਰਹਿ ਸਕਾਂ ਬਹੁਤ ਕੋਸ਼ਿਸ਼ ਕੀਤੀ ਮੈਂ
ਪਰ ਤਕਦੀਰ ਮੈਨੂੰ ਖਿਲਾਰ ਰਹੀ ਹੈ

ਕਿਉਂ ਵਾਰ ਵਾਰ ਹੌਂਸਲਾ ਦੇ ਰਹੇ ਹੋ ਮੈਨੂੰ
ਉਸਤੋਂ ਪੁੱਛਕੇ ਦੱਸੋ ਮੈਨੂੰ ਕਿੱਦਾਂ ਸਾਰ ਰਹੀ ਹੈ

ਸੱਟਾਂ ਮਾਰ ਮਾਰ ਦੇਖਦੀ ਸੀ ਕਿੰਨਾ ਕੁ ਪੱਕਾ ਹੈ
ਮੈਨੂੰ ਤੋੜ ਉਹ ਹੁਣ ਹੋਰ ਪੱਥਰ ਸ਼ਿੰਗਾਰ ਰਹੀ ਹੈ

ਤਰਸ ਕਿਉਂ ਕਰਨਾ ਹੈ ਬਸ ਖੜ੍ਹਕੇ ਤਮਾਸ਼ਾ ਦੇਖੋ
ਇਹ ਮਹੁੱਬਤ ਕਿਹੜਾ ਕਿਹੜਾ ਰੂਪ ਧਾਰ ਰਹੀ ਹੈ

ਕੱਲ੍ਹ ਕਹਿੰਦੀ ਸੀ ਕਿਤੇ ਇੱਜ਼ਤ ਨਾ ਖ਼ਰਾਬ ਹੋ ਜਾਵੇ
ਫਿਰ ਅੱਜ ਥਾਂ ਥਾਂ ਕਿਉਂ ਕੱਪੜੇ ਉਤਾਰ ਰਹੀ ਹੈ

ਸਭ ਹਾਰਿਆ ਹੋਇਆ ਦੱਸਣ ਲੱਗ ਪਏ ਨੇ ਮੈਨੂੰ
ਦੁਬਾਰਾ ਦੇਖੋ ਮੈਂ ਜਿੱਤ ਰਿਹਾਂ, ਉਹ ਹਾਰ ਰਹੀ ਹੈ

✪✪✪❦✪✪✪

# ਨਫ਼ਰਤ ਜਾਂ ਮੁਹੱਬਤ

ਜੇ ਨਫ਼ਰਤ ਹੁੰਦੀ ਹੌਂਕੇ ਨਾ ਭਰਦਾ
ਫਿਰ ਦਿਲ ਜੁਦਾਈ ਤੋਂ ਨਾ ਡਰਦਾ
ਇੱਕ ਧੁਨ ਵਿੱਚ ਕੀਤੀ ਇਬਾਦਤ ਹੈ
ਇਹ ਨਫ਼ਰਤ ਨਹੀਂ ਮਹੁੱਬਤ ਹੈ

ਗਹਿਰੀਆਂ ਯਾਦਾਂ ਇਸ਼ਕ ਨੇ ਜੰਮੀਆਂ
ਰੂਹ ਵਿੱਚ ਰੂਹ ਬਣਕੇ ਨੇ ਰਮੀਆਂ
ਆਪੇ ਜੰਮਕੇ ਕਿੰਝ ਗਲੇ ਤੋਂ ਘੁੱਟਦਾ ?
ਇੰਝ ਸੱਚ ਦੀ ਘਟਦੀ ਸ਼ਿੱਦਤ ਹੈ

ਸਬਰ ਦੀ ਅੱਗ ਬਾਲ ਕੇ ਸੇਕੀ
ਹੰਝੂਆਂ ਦੀ ਹੁੰਦੀ ਵਾਛੜ ਦੇਖੀ
ਮੈਂ ਦਿੱਤਾ ਨਾ ਉਲ੍ਹਾਮਾਂ ਕੋਈ
ਭਾਵੇਂ ਰੁਲ ਗਈ ਮੇਰੀ ਇੱਜ਼ਤ ਹੈ

ਰੁੱਖਾਂ ਵਰਗਾ ਹੋ ਗਿਆ ਸਾਂ ਮੈਂ
ਛਾਂ ਕਰ ਧੁੱਪੇ ਖਲੋ ਗਿਆ ਸਾਂ ਮੈਂ
ਸੀਨੇ ਤੇ ਦਿਲ ਕੁਰੇਦ ਨਾ ਮੁੜਿਆ
ਉਹਦਾ ਨਾਮ ਬੇ-ਮੁਰੱਬਤ ਹੈ

# ਮਨ

ਮਨ ਸ਼ੀਸ਼ੇ ਉੱਤੇ ਲਾਲਚ ਲੋਭ ਹੰਕਾਰ ਕਾਮ ਦੀਆਂ ਝਰੀਟਾਂ ਸਮੇਂ ਦੀ ਨੋਕ ਨਾਲ
ਮੈਂ ਆਪ ਹੀ ਝਰੀਟ ਲਈਆਂ ਸਨ
ਕਈ ਵਾਰ ਸੋਚਦਾ ਹੁੰਦਾ ਮਨ ਅੰਨ੍ਹਾ ਹੈ
ਜੋ ਆਪਣੀ ਪਿਆਸ ਮਿਟਾਵਣ ਲਈ ਸਾਡੀ ਰੂਹ ਦਾ ਸਹਾਰਾ ਲੈਂਦਾ ਹੈ
ਤੇ ਰੂਹ ਦਾ ਹੱਥ ਫੜ ਕਦੇ ਲਾਲਚ ਨਾਮੀ ਖੂਹ ਤੋਂ ਪਾਣੀ ਪੀਂਦਾ ਹੈ
ਕਦੇ ਹੰਕਾਰ ਤੇ ਕਦੇ ਕਾਮ ਨਾਮ ਦੇ ਖੂਹਾਂ ਦਾ ਪਾਣੀ ਪੀਂਦਾ ਹੈ
ਇਹ ਪਾਣੀ ਪੀਣ ਵਿੱਚ ਬਹੁਤ ਮਿੱਠੇ ਤੇ ਸਾਫ਼ ਹੁੰਦੇ ਹਨ
ਜਿੰਨਾ ਸਮਾਂ ਮਨ ਪੀ ਰਿਹਾ ਹੁੰਦਾ ਪੀਂਦਿਆਂ ਪੀਂਦਿਆਂ ਇਹਨਾਂ ਦਾ ਸਵਾਦ
ਵਧਦਾ ਜਾਂਦਾ ਹੈ
ਅਜੀਬ ਜਿਹਾ ਸਰੂਰ ਤੇ ਨਸ਼ਾ ਹੁੰਦਾ ਇਹਨਾਂ ਵਿੱਚ
ਪਰ ਇਹਨਾਂ ਪਾਣੀਆਂ ਦਾ ਅਸਰ ਸਾਲ ਦਰ ਸਾਲ ਗੂੜ੍ਹਾ ਰੋਗ ਬਣ ਸਾਡੇ ਮਨ
ਨੂੰ ਅੰਦਰੋਂ ਅੰਦਰੀਂ ਖਾਣ ਲੱਗ ਪੈਂਦਾ ਹੈ
ਤੇ ਇਸ ਪਾਣੀ ਨੂੰ ਕੋਈ ਧੁੱਪ ਸੋਖ ਨਹੀਂ ਪਾਉਂਦੀ

ਸਾਡੇ ਮਨ ਅੰਦਰੋਂ, ਇਹ ਮਨ ਅੰਦਰ ਖੜਾ ਬਦਬੂ ਮਾਰਨ ਲੱਗ ਪੈਂਦਾ ਹੈ
ਤੇ ਜਦੋਂ ਵੀ ਅਸੀਂ ਨੇੜੇ ਹੋ ਕੇ ਮਨ ਨੂੰ ਦੇਖਣ ਦੀ ਕੋਸ਼ਿਸ਼ ਕਰਦੇ ਹਾਂ
ਤਾਂ ਇਹ ਪਾਣੀ ਉਸੇ ਤਰ੍ਹਾਂ ਮਨ ਅੰਦਰ ਖੜਾ ਬਦਬੂ ਮਾਰਦਾ ਨਜ਼ਰ
ਆਉਂਦਾ ਹੈ
ਤੇ ਜਦੋਂ ਇਸ ਪਾਣੀ ਨੂੰ ਨੇੜੇ ਹੋ ਤੱਕਦੇ ਹਾਂ
ਤਾਂ ਇਸ ਵਿੱਚ ਸਾਡਾ ਮਨ ਨਜ਼ਰ ਆਉਂਦਾ ਹੈ

ਜਾਂ ਕਹਿ ਲਉ ਇਹ ਪਾਣੀ ਪੱਥਰ ਬਣ ਮਨ ਸ਼ੀਸ਼ੇ ਉੱਤੇ ਝਰੀਟਾਂ ਕੁਰੇਦਣ ਦਾ
ਕੰਮ ਕਰਦੇ ਹਨ

ਜਦੋਂ ਵੀ ਅਸੀਂ ਮਨ ਸ਼ੀਸ਼ੇ ਨੂੰ ਦੇਖਦੇ ਹਾਂ ਇਹ ਝਰੀਟਾਂ ਹਰ ਵੇਲ਼ੇ ਇਸ ਸ਼ੀਸ਼ੇ
ਤੇ ਨਜ਼ਰ ਆਉਂਦੀਆਂ ਹਨ
ਇਹ ਉਮਰ ਦੇ ਹਰ ਪੜਾਅ ਤੇ ਓਨੀਆਂ ਹੀ ਤਾਜੀਆਂ ਰਹਿੰਦੀਆਂ ਹਨ
ਜਿੰਨੀਆਂ ਪਹਿਲਾਂ ਸਨ ਫੇਰ ਮੈਨੂੰ ਏਦਾਂ ਵੀ ਲੱਗਦਾ ਵੀ ਸਾਨੂੰ ਇਸ ਸ਼ੀਸ਼ੇ ਨੂੰ
ਰੋਜ ਦੇਖਦੇ ਰਹਿਣਾ ਚਾਹੀਦਾ

ਚਲੋ ਜੇ ਇਹ ਲੀਕਾਂ ਮਨ ਉੱਤੋਂ ਮਿਟ ਨਹੀਂ ਸਕਦੀਆਂ, ਦੇਖੋ ਗਿਣ ਕੇ
ਓਨੀਆਂ ਹੀ ਨੇ ਕਿਤੇ ਵਧੀਆਂ ਤਾਂ ਨਹੀਂ ਤੁਸੀਂ ਥੋੜਾ ਬਹੁਤਾ ਦੇਖ ਤਾਂ ਪਾ ਰਹੇ
ਹੋ ਇਸ ਸ਼ੀਸ਼ੇ ਵਿੱਚ ਆਪਣੇ ਆਪ ਨੂੰ

ਕੀ ਹੋਇਆ ਜੇ ਜ਼ਖ਼ਮ ਨੇ ਚਿਹਰੇ ਉੱਤੇ
ਇਹ ਜ਼ਖ਼ਮ ਨਹੀਂ ਫੁੱਲ ਨੇ ਸਿਹਰੇ ਉੱਤੇ
ਕਾਲੇ ਰੰਗ ਵਾਲੀ ਕੋਇਲ ਮਸਾਂ ਲੱਭੀ
ਕਾਲੇ ਕਾਂ ਬਹਿਣ ਨੀ ਦੇਣੇ ਹੋਰ ਬਨੇਰੇ ਉੱਤੇ
ਸਮਝੌਤੇ ਬਹੁਤ ਕਰਾਏ ਇਨਸਾਫ਼ ਨਾ ਕੀਤਾ
ਹੁਣ ਪੰਚ ਨਹੀਂ ਸੱਦਣੇ ਆਪਣੇ ਡੇਰੇ ਉੱਤੇ

ਜੇ ਝਰੀਟਾਂ ਦੇ ਨਿਸ਼ਾਨ ਵਧਦੇ ਗਏ ਰੋਜ਼ ਦੀ ਰੋਜ਼ ਨਾ ਗਿਣੇ
ਫਿਰ ਇੱਕ ਦਿਨ ਆਪਣਾ ਆਪ ਦਿਸਣਾ ਬੰਦ ਹੋ ਜਾਵੇਗਾ

ਇਸ ਸ਼ੀਸ਼ੇ ਚ ਕੋਈ ਵੀ ਪਾਸਾ ਸਾਫ ਨਹੀਂ ਰਹਿਣਾ
ਸ਼ੀਸ਼ੇ ਦਾ ਫਿਰ ਸ਼ੀਸ਼ਾ, ਸ਼ੀਸ਼ਾ ਨਹੀਂ ਪੱਥਰ ਵਾਂਗ ਦਿਸੇਗਾ
ਤੇ ਜਿਸ ਪਾਣੀ ਵਿੱਚ ਆਪਣਾ ਆਪ ਦੇਖਦੇ ਸੀ
ਉਸ ਪਾਣੀ ਦੀ ਬਦਬੂ ਹੋਰ ਵਧ ਜਾਵੇਗੀ ਕੀੜੇ ਚੱਲਣ ਲੱਗ ਜਾਣਗੇ ਵਿੱਚ,
ਜਿੱਥੋਂ ਵੀ ਇਹ ਪਾਣੀ ਭਰਿਆ ਮਨ ਲੰਘੇਗਾ ਬਦਬੂ ਫੈਲਾਉਂਦਾ ਚਲਾ ਜਾਵੇਗਾ
ਫੇਰ ਇਸ ਮਨ ਤੋਂ ਹਰ ਇਨਸਾਨ ਦੂਰੀ ਬਣਾ ਕੇ ਚੱਲੇਗਾ

✪✪✪❦✪✪✪

ਜਦੋਂ ਨਾ ਮੈਂ ਰਿਗਾ ਮੈਨੂੰ ਚੇਤਿਆਂ ਚ ਰੱਖਿਓ
ਪੀੜ੍ਹ ਮੇਰੀ ਤਪਦੇ ਹੋਏ ਰੇਤਿਆਂ ਚ ਰੱਖਿਓ
ਨਜ਼ਮਾਂ ਲਿਜਾ ਕੇ ਪਾਇਓ ਬਿਰਹੋਂ ਦੀ ਭੱਠੀ ਵਿੱਚ
ਦੂਰ ਵਸਲਾਂ ਨੂੰ ਪਾ ਭੁਲੇਖਿਆਂ ਚ ਰੱਖਿਓ
ਪੰਜ ਸੱਤ ਦਿਨ ਹੀ ਗਾ ਲੈਣਾ ਮੇਰੇ ਗੀਤ ਤੁਸੀਂ
ਮੈਂ ਨਹੀਂ ਕਹਿੰਦਾ ਸਦਾ ਲਈ ਚਹੇਤਿਆਂ ਚ ਰੱਖਿਓ

**ਸਮਾਪਤ**

www.punjabilibrary.com

# ਕਮਲ ਲਧਾਣਾ

# ਮੁਹੱਬਤ ਇੱਕ ਕੈਦਖਾਨਾ



ralhkamaljit91@gmail.com
ralhkamaljit
+337441 72558